ਨਾਨਕ ਨਾਮ ਚੜ੍ਹਦੀਕਲਾ ਤੇਰੇ ਭਾਣੇ ਸਰਬੱਤ ਦਾ ਭਲਾ

ਚੜ੍ਹਦੀਕਲਾ

www.charhdikala.com
DAILY CHARHDIKALA, NEW DELHI
Email : charhdikala@gmail.com

ਬਾਨੀ : (ਸਵ:) ਗਿ: ਹਰਨਾਮ ਸਿੰਘ ਜੀ
ਮੁੱਖ ਸੰਪਾਦਕ : ਜਗਜੀਤ ਸਿੰਘ 'ਦਰਦੀ'
ਸੰਪਾਦਕ : ਜਸਕੀਰਤ ਸਿੰਘ

ਆਰ.ਐਨ.ਆਈ. ਰਜਿ. ਨੰ. 57283/94 ਸਾਲ/ year 29 ਅੰਕ ਨੰ. Volume No : 115 ਨਵੀਂ ਦਿੱਲੀ, ਸ਼ੁੱਕਰਵਾਰ 26 ਅਪ੍ਰੈਲ, 2024, Friday 26 April, 2024 ਮੁੱਲ/Price in Rs. 2 ਰੁਪਏ, ਕੁਲ ਪੇਜ/Total Pages 8 ਫੋਨ ਨੰ. : 23353936

ਅਮਰੀਕਾ ਵੱਲੋਂ ਯੂਕਰੇਨ ਨੂੰ ਵੱਡੇ ਪੱਧਰ 'ਤੇ ਹਥਿਆਰ ਤੇ ਗੋਲਾ ਬਾਰੂਦ ਭੇਜਣਾ ਸ਼ੁਰੂ

ਵਾਸ਼ਿੰਗਟਨ , 25 ਅਪ੍ਰੈਲ (ਪ੍ਰਤੀਨਿਧੀ) : ਰੂਸ ਅਤੇ ਯੂਕਰੇਨ ਵਿਚਾਲੇ ਲੰਬੇ ਸਮੇਂ ਤੋਂ ਚੱਲ ਰਹੇ ਯੁੱਧ ਦੇ ਬਾਵਜੂਦ ਅਮਰੀਕਾ ਨੇ ਅੱਜ ਯੂਕਰੇਨ ਨੂੰ ਹਥਿਆਰ ਅਤੇ ਗੋਲਾ-ਬਾਰੂਦ ਭੇਜਣਾ ਸ਼ੁਰੂ ਕਰ ਦਿੱਤਾ ਅਤੇ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਵੀ ਚੀਨ, ਇਰਾਨ ਅਤੇ ਉੱਤਰੀ ਕੋਰੀਆ 'ਤੇ ਰੂਸ ਦੀ ਮਦਦ ਕਰਨ ਦਾ ਦੋਸ਼ ਲਗਾਇਆ। ਬਾਇਡਨ ਨੇ ਤਾਇਵਾਨ ਸਮੇਤ ਭਾਰਤ-ਪ੍ਰਸ਼ਾਂਤ ਖੇਤਰ ਵਿੱਚ ਅਮਰੀਕਾ ਅਤੇ ਉਸ ਦੇ ਸਹਿਯੋਗੀਆਂ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਲਈ ਬਿੱਲ 'ਤੇ ਦਸਤਖਤ ਕੀਤੇ ਹਨ।

ਇੰਡੀਆ ਗੇਟ ਨੇੜੇ ਆਈਸਕ੍ਰੀਮ ਵੇਚਣ ਵਾਲੇ ਦੀ ਚਾਕੂ ਮਾਰ ਕੇ ਹੱਤਿਆ

ਨਵੀਂ ਦਿੱਲੀ , 25 ਅਪ੍ਰੈਲ (ਪ੍ਰਤੀਨਿਧੀ) : ਇਥੇ ਬੀਤੀ ਰਾਤ ਇੰਡੀਆ ਗੇਟ ਨੇੜੇ ਆਈਸਕ੍ਰੀਮ ਵੇਚਣ ਵਾਲੇ ਦੀ ਚਾਕੂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਪੁਲਿਸ ਦਾ ਕਹਿਣਾ ਹੈ ਕਿ ਇਹ ਮਾਮਲਾ ਦੁਸ਼ਮਣੀ ਦਾ ਜਾਪਦਾ ਹੈ। ਮਸ਼ਕੂਕ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪ੍ਰਾਪਤ ਜਾਣਕਾਰੀ ਮੁਤਾਬਕ ਰਾਤ ਨੂੰ ਜਦੋਂ ਪ੍ਰਭਾਕਰ (25) ਆਪਣੀ ਆਈਸਕ੍ਰੀਮ ਟਰਾਲੀ ਕੋਲ ਖੜ੍ਹਾ ਸੀ ਤਾਂ ਇਕ ਵਿਅਕਤੀ ਨੇ ਉਸ 'ਤੇ ਚਾਕੂ ਨਾਲ ਹਮਲਾ ਕਰ ਦਿੱਤਾ। ਹਮਲੇ ਤੋਂ ਬਾਅਦ ਉਹ ਜ਼ਮੀਨ 'ਤੇ ਡਿੱਗ ਗਿਆ।

ਈ.ਡੀ. ਨੇ ਸੁਪਰੀਮ ਕੋਰਟ ਨੂੰ ਦੱਸਿਆ

ਕੇਜਰੀਵਾਲ ਆਬਕਾਰੀ ਨੀਤੀ ਘਪਲੇ ਦਾ ਮੁੱਖ ਸਾਜਿਸ਼ਕਰਤਾ

ਨਵੀਂ ਦਿੱਲੀ , 25 ਅਪ੍ਰੈਲ (ਪ੍ਰਤੀਨਿਧੀ) : ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਨੇ ਸੁਪਰੀਮ ਕੋਰਟ ਵਿਚ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਆਬਕਾਰੀ ਨੀਤੀ ਘਪਲੇ ਦੇ ਮੁੱਖ ਸਾਜ਼ਿਸ਼ਕਰਤਾ ਹਨ। ਈਡੀ ਨੇ ਦਾਅਵਾ ਕੀਤਾ ਕਿ ਕੇਜਰੀਵਾਲ ਨੇ ਆਪਣੇ ਮੰਤਰੀਆਂ ਅਤੇ ਆਮ ਆਦਮੀ ਪਾਰਟੀ (ਆਪ) ਦੇ ਨੇਤਾਵਾਂ ਨਾਲ ਮਿਲ ਕੇ ਇਸ ਘਪਲੇ ਨੂੰ ਅੰਜਾਮ ਦਿੱਤਾ ਅਤੇ ਉਹ ਆਬਕਾਰੀ ਨੀਤੀ ਵਿਚ ਦਿੱਤੇ ਗਏ ਫਾਇਦੇ ਦੇ ਬਦਲੇ 'ਚ ਸ਼ਰਾਬ ਕਾਰੋਬਾਰੀਆਂ ਤੋਂ ਰਿਸ਼ਵਤ ਮੰਗਣ 'ਚ ਸ਼ਾਮਲ ਸਨ। ਏਜੰਸੀ ਨੇ 734 ਪੰਨਿਆਂ ਦੇ ਆਪਣੇ ਜਵਾਬੀ ਹਲਫ਼ਨਾਮੇ ਵਿਚ ਕਿਹਾ ਕਿ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਆਬਕਾਰੀ ਨੀਤੀ ਘਪਲੇ ਦੇ ਮੁੱਖ ਸਾਜ਼ਿਸ਼ਕਰਤਾ ਹਨ। ਉਨ੍ਹਾਂ ਨੇ ਸਰਕਾਰ ਦੇ ਮੰਤਰੀਆਂ, 'ਆਪ' ਨੇਤਾਵਾਂ ਅਤੇ ਹੋਰ ਲੋਕਾਂ ਦੀ ਮਿਲੀਭੁਗਤ ਤੋਂ ਇਸ ਨੂੰ ਅੰਜਾਮ ਦਿੱਤਾ।

ਕੇਜਰੀਵਾਲ ਨੇ ਕੁਝ ਚੁਨਿੰਦਾ ਲੋਕਾਂ ਨੂੰ ਫਾਇਦਾ ਪਹੁੰਚਾਉਣ ਲਈ ਆਬਕਾਰੀ ਨੀਤੀ 2021-22 ਨੂੰ ਤਿਆਰ ਕਰਨ ਦੀ ਸਾਜ਼ਿਸ਼ ਵਿਚ ਸ਼ਾਮਲ ਸਨ ਅਤੇ ਉਕਤ ਨੀਤੀ ਵਿਚ ਦਿੱਤੇ ਗਏ ਫਾਇਦੇ ਦੇ ਬਦਲੇ ਸ਼ਰਾਬ ਕਾਰੋਬਾਰੀਆਂ ਤੋਂ ਰਿਸ਼ਵਤ ਮੰਗਣ ਲਈ ਮਨੀ ਲਾਂਡਰਿੰਗ ਰੋਕੂ ਐਕਟ-2002 ਵਿਚ ਕੋਈ ਵੱਖਰੀ ਵਿਵਸਥਾ ਨਹੀਂ ਹੈ ਅਤੇ ਪਟੀਸ਼ਨਕਰਤਾ ਆਪਣੇ ਅਹੁਦਾ ਦਾ ਹਵਾਲਾ ਦੇ ਕੇ ਖ਼ੁਦ ਲਈ ਇਕ ਵਿਸ਼ੇਸ਼ ਸ਼੍ਰੇਣੀ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੈ, ਜਿਸ ਨੂੰ ਸਵੀਕਾਰ ਨਹੀਂ ਕੀਤਾ ਜਾ ਸਕਦਾ। ਈਡੀ ਨੇ ਕਿਹਾ ਕਿ ਤੱਥ ਆਧਾਰਿਤ ਅਪਰਾਧ ਲਈ ਕਿਸੇ ਵਿਅਕਤੀ ਦੀ ਗ੍ਰਿਫ਼ਤਾਰੀ, ਚਾਹੇ ਉਹ ਕਿੰਨਾ ਵੀ ਵੱਡਾ ਕਿਉਂ ਨਾ ਹੋਵੇ, ਕਦੇ ਵੀ ਆਜ਼ਾਦ ਅਤੇ ਨਿਰਪੱਖ ਚੋਣਾਂ ਦਾ ਉਲੰਘਣ ਨਹੀਂ ਕਰ ਸਕਦੀ ਹੈ। ਗ੍ਰਿਫ਼ਤਾਰੀ ਨੂੰ ਉਚਿਤ ਠਹਿਰਾਉਂਦੇ ਹੋਏ ਈਡੀ ਨੇ ਕਿਹਾ ਕਿ ਕੇਜਰੀਵਾਲ ਗੋਆ ਚੋਣਾਂ ਵਿਚ 'ਆਪ' ਦੀ ਮੁਹਿਮ ਵਿਚ ਅਪਰਾਧ ਤੋਂ ਇਕੱਠੀ ਆਮਦਨ ਦੇ ਇਸਤੇਮਾਲ ਵਿਚ ਵੀ ਸ਼ਾਮਲ ਸਨ।

ਅਦਾਲਤ ਨੇ 15 ਅਪ੍ਰੈਲ ਨੂੰ ਈਡੀ ਨੂੰ ਨੋਟਿਸ ਜਾਰੀ ਕੀਤਾ ਸੀ ਅਤੇ ਕੇਜਰੀਵਾਲ ਦੀ ਪਟੀਸ਼ਨ 'ਤੇ ਉਸ ਤੋਂ ਜਵਾਬ ਮੰਗਿਆ ਸੀ। ਈਡੀ ਨੇ ਕਿਹਾ ਕਿ ਗ੍ਰਿਫ਼ਤਾਰੀ ਨੂੰ ਚੁਣੌਤੀ ਦੇਣ ਵਾਲੀ ਕੇਜਰੀਵਾਲ ਦੀ ਪਟੀਸ਼ਨ ਵਿਚ ਦਮ ਨਹੀਂ ਹੈ ਅਤੇ ਖਾਰਜ ਕਰਨ ਯੋਗ ਹੈ। ਹਲਫ਼ਨਾਮੇ 'ਚ ਪ੍ਰਤੀਕਿਰਿਆ ਦਿੰਦੇ ਹੋਏ 'ਆਪ' ਨੇ ਦੋਸ਼ ਲਾਇਆ ਕਿ ਈਡੀ ਝੂਠ ਬੋਲਣ ਦੀ ਮਸ਼ੀਨ ਬਣ ਗਈ ਹੈ। ਹਰ ਵਾਰ ਈਡੀ ਭਾਜਪਾ ਦੇ ਕਹਿਣ 'ਤੇ ਨਵੇਂ-ਨਵੇਂ ਝੂਠ ਲੈ ਕੇ ਆਉਂਦੀ ਹੈ। ਇਹ ਮਾਮਲਾ 2021-22 ਲਈ ਦਿੱਲੀ ਸਰਕਾਰ ਦੀ ਆਬਕਾਰੀ ਨੀਤੀ ਤਿਆਰ ਕਰਨ ਅਤੇ ਅਮਲ ਵਿਚ ਲਿਆਉਣ 'ਚ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਨਾਲ ਸਬੰਧਤ ਹਨ। ਸਬੰਧਤ ਨੀਤੀ ਨੂੰ ਬਾਅਦ ਵਿਚ ਰੱਦ ਕਰ ਦਿੱਤਾ ਗਿਆ ਸੀ। ਈਡੀ ਨੇ ਇਸ ਮਾਮਲੇ ਵਿਚ 21 ਮਾਰਚ ਨੂੰ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਨੂੰ ਗ੍ਰਿਫ਼ਤਾਰ ਕੀਤਾ ਸੀ ਅਤੇ ਉਹ ਤਿਹਾੜ ਜੇਲ੍ਹ ਵਿਚ ਬੰਦ ਹਨ।

ਲੋਕ ਸਭਾ ਚੋਣਾਂ ਦੇ ਦੂਜੇ ਗੇੜ ਲਈ ਵੋਟਿੰਗ ਅੱਜ

13 ਰਾਜਾਂ ਦੀਆਂ 89 ਸੀਟਾਂ 'ਤੇ ਹੋਵੇਗੀ ਵੋਟਿੰਗ

ਨਵੀਂ ਦਿੱਲੀ, 25 ਅਪ੍ਰੈਲ (ਅੰਮ੍ਰਿਤਪਾਲ ਸਿੰਘ) : ਕ ਸਭਾ ਚੋਣਾਂ ਦੇ ਦੂਜੇ ਪੜਾਅ ਲਈ ਭਲਕੇ 13 ਸੂਬਿਆਂ ਦੀਆਂ 89 ਸੀਟਾਂ 'ਤੇ ਵੋਟਾਂ ਪੈਣਗੀਆਂ। ਪਿਛਲੇ ਸ਼ੁਕਰਵਾਰ ਨੂੰ ਸੱਤ ਪੜਾਵਾਂ 'ਚ ਹੋਣ ਵਾਲੀਆਂ ਚੋਣਾਂ ਦੇ ਪਹਿਲੇ ਪੜਾਅ 'ਚ 21 ਸੂਬਿਆਂ ਅਤੇ ਕੇਂਦਰ ਸ਼ਾਸਤ ਪ੍ਰਦੇਸ਼ਾਂ ਦੀਆਂ 102 ਸੀਟਾਂ 'ਤੇ ਲਗਭਗ 65.5 ਫ਼ੀਸਦੀ ਵੋਟਿੰਗ ਦਰਜ ਕੀਤੀ ਗਈ ਸੀ। ਦੂਜੇ ਪੜਾਅ 'ਚ ਕੇਰਲ ਦੀਆਂ 20 ਸੀਟਾਂ ਤੋਂ ਇਲਾਵਾ ਕਰਨਾਟਕ ਦੀਆਂ 14, ਰਾਜਸਥਾਨ ਦੀਆਂ 13, ਮਹਾਰਾਸ਼ਟਰ ਅਤੇ ਉੱਤਰ ਪ੍ਰਦੇਸ਼ ਦੀਆਂ 8-8, ਮੱਧ ਪ੍ਰਦੇਸ਼ ਦੀਆਂ 7, ਅਸਾਮ ਅਤੇ ਬਿਹਾਰ ਦੀਆਂ 5-5, ਛੱਤੀਸਗੜ੍ਹ ਅਤੇ ਪਛਮੀ ਬੰਗਾਲ ਦੀਆਂ 3-3, ਮਨੀਪੁਰ, ਤ੍ਰਿਪੁਰਾ ਅਤੇ ਜੰਮੂ-ਕਸ਼ਮੀਰ ਦੀਆਂ ਇਕ-ਇਕ

ਸੀਟਾਂ 'ਤੇ ਵੋਟਿੰਗ ਹੋਵੇਗੀ। ਇਸ ਪੜਾਅ 'ਚ ਕੇਂਦਰੀ ਮੰਤਰੀ ਰਾਜੀਵ ਚੰਦਰਸ਼ੇਖਰ (ਤਿਰੂਵਨੰਤਪੁਰਮ), ਭਾਜਪਾ ਦੇ ਤੇਜਸਵੀ ਸੂਰਿਆ (ਬੈਂਗਲੂਰੂ ਦਖਣੀ), ਹੇਮਾ ਮਾਲਿਨੀ (ਮਥੁਰਾ), ਅਰੁਣ ਗੋਵਿਲ (ਮੇਰਠ), ਕਾਂਗਰਸ ਆਗੂ ਰਾਹੁਲ ਗਾਂਧੀ (ਵਾਇਨਾਡ), ਸ਼ਸ਼ੀ ਥਰੂਰ (ਤਿਰੂਵਨੰਤਪੁਰਮ), ਕਰਨਾਟਕ ਦੇ ਉਪ ਮੁੱਖ ਮੰਤਰੀ ਅਤੇ ਕਾਂਗਰਸ ਆਗੂ ਡੀ.ਕੇ. ਸਟਾਲਿਨ ਸ਼ਾਮਲ ਹਨ। ਸ਼ਿਵਕੁਮਾਰ ਦੇ ਭਰਾ ਡੀ.ਕੇ. ਸੁਰੇਸ਼ (ਬੈਂਗਲੂਰੂ ਦਿਹਾਤੀ) 'ਚ ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਐਚ.ਡੀ. ਕੁਮਾਰਸਵਾਮੀ (ਮਾਂਡਿਆ) ਸ਼ਾਮਲ ਹਨ। ਕਰਨਾਟਕ ਵਿਚ ਮੁੱਖ ਮੁਕਾਬਲਾ ਸੱਤਾਧਾਰੀ ਕਾਂਗਰਸ ਅਤੇ ਵਿਰੋਧੀ ਭਾਜਪਾ-ਜਨਤਾ ਦਲ (ਸੈਕੂਲਰ) ਗੱਠਜੋੜ ਵਿਚਾਲੇ ਵੇਖਿਆ ਜਾ ਰਿਹਾ ਹੈ। ਕਾਂਗਰਸ ਨੇ ਇਸ ਪੜਾਅ 'ਚ ਸਾਰੀਆਂ 14 ਸੀਟਾਂ 'ਤੇ ਅਪਣੇ ਉਮੀਦਵਾਰ ਖੜ੍ਹੇ ਕੀਤੇ ਹਨ, ਭਾਜਪਾ ਨੇ 11 ਸੀਟਾਂ 'ਤੇ ਅਤੇ ਜੇ.ਡੀ.(ਐਸ) ਨੇ ਤਿੰਨ ਸੀਟਾਂ 'ਤੇ ਉਮੀਦਵਾਰਾਂ ਨੂੰ ਟਿਕਟਾਂ ਦਿਤੀ ਆਂ ਹਨ।ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਪਿਛਲੇ ਕੁੱਝ ਦਿਨਾਂ 'ਚ ਭਾਜਪਾ ਲਈ ਰੈਲੀਆਂ ਅਤੇ ਰੋਡ ਸ਼ੋਅ ਕੀਤੇ ਹਨ। ਭਾਜਪਾ ਪ੍ਰਧਾਨ ਜੇ.ਪੀ. ਨੱਢਾ, ਕੁੱਝ ਕੇਂਦਰੀ ਮੰਤਰੀਆਂ ਅਤੇ ਗੋਆ ਦੇ ਮੁੱਖ ਮੰਤਰੀ ਪ੍ਰਮੋਦ ਸਾਵੰਤ ਨੇ ਵੀ ਰਾਜ 'ਚ ਚੋਣ ਪ੍ਰਚਾਰ ਕੀਤਾ। ਖੜਗੇ, ਸੀਨੀਅਰ ਨੇਤਾ ਰਾਹੁਲ ਗਾਂਧੀ ਅਤੇ ਪ੍ਰਿਯੰਕਾ ਗਾਂਧੀ, ਮੁੱਖ ਮੰਤਰੀ ਸਿਧਾਰਮਈਆ, ਉਪ ਮੁੱਖ ਮੰਤਰੀ ਡੀ.ਕੇ. ਨਰਸਿਮਹਾ ਰਾਓ ਵੀ ਮੌਜੂਦ ਸਨ। ਸ਼ਿਵਕੁਮਾਰ ਅਤੇ ਤੇਲੰਗਾਨਾ ਦੇ ਮੁੱਖ ਮੰਤਰੀ ਏ ਰੇਵੰਤ ਰੈੱਡੀ ਨੇ ਕਾਂਗਰਸ ਲਈ ਪ੍ਰਚਾਰ ਕੀਤਾ।

ਮੋਦੀ-ਰਾਹੁਲ ਗਾਂਧੀ ਦੇ ਭਾਸ਼ਣਾਂ 'ਤੇ ਚੋਣ ਕਮਿਸ਼ਨ ਦਾ ਨੋਟਿਸ

ਭਾਜਪਾ-ਕਾਂਗਰਸ ਪ੍ਰਧਾਨ ਤੋਂ 29 ਅਪ੍ਰੈਲ ਤੱਕ ਮੰਗਿਆ ਜਵਾਬ

ਨਵੀਂ ਦਿੱਲੀ, 25 ਅਪ੍ਰੈਲ (ਪ੍ਰਤੀਨਿਧੀ) : ਚੋਣ ਕਮਿਸ਼ਨ ਨੇ ਵੀਰਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਰਾਹੁਲ ਗਾਂਧੀ ਦੇ ਬਿਆਨਾਂ 'ਤੇ ਕਾਂਗਰਸ ਅਤੇ ਭਾਜਪਾ ਪ੍ਰਧਾਨ ਤੋਂ ਜਵਾਬ ਮੰਗਿਆ ਹੈ। ਕਮਿਸ਼ਨ ਨੇ ਇਹ ਨੋਟਿਸ ਮੋਦੀ ਅਤੇ ਰਾਹੁਲ ਦੇ ਭਾਸ਼ਣਾਂ ਨੂੰ ਲੈ ਕੇ ਆਈਆਂ ਸ਼ਿਕਾਇਤਾਂ 'ਤੇ ਭੇਜਿਆ ਹੈ। ਇਨ੍ਹਾਂ ਸ਼ਿਕਾਇਤਾਂ ਵਿਚ ਚੋਣ ਜ਼ਾਬਤੇ ਦੀ ਉਲੰਘਣਾ ਦਾ ਦੋਸ਼ ਲਾਇਆ ਗਿਆ ਹੈ।

ਸ਼ਿਕਾਇਤ ਵਿਚ ਕਿਹਾ ਗਿਆ ਹੈ ਕਿ ਇਹ ਆਗੂ ਧਰਮ, ਜਾਤ, ਭਾਈਚਾਰੇ ਅਤੇ ਭਾਸ਼ਾ ਦੇ ਆਧਾਰ 'ਤੇ ਲੋਕਾਂ ਵਿਚ ਨਫ਼ਰਤ ਅਤੇ ਵੰਡ ਫੈਲਾਉਣ ਦਾ ਕੰਮ ਕਰ ਰਹੇ ਹਨ। ਕਮਿਸ਼ਨ ਨੇ ਇਸ ਮਾਮਲੇ ਵਿਚ ਦੋਵਾਂ ਧਿਰਾਂ ਦੇ ਪ੍ਰਧਾਨਾਂ ਤੋਂ 29 ਅਪਰੈਲ ਨੂੰ ਸਵੇਰੇ 11 ਵਜੇ ਤੱਕ ਜਵਾਬ ਮੰਗਿਆ ਹੈ।

1. ਚੋਣ ਕਮਿਸ਼ਨ ਨੇ ਲੋਕ ਪ੍ਰਤੀਨਿਧਤਾ ਐਕਟ ਦੀ ਧਾਰਾ 77 ਤਹਿਤ ਦੋਵਾਂ ਪਾਰਟੀਆਂ ਦੇ ਪ੍ਰਧਾਨਾਂ ਨੂੰ ਨੋਟਿਸ ਭੇਜੇ ਹਨ। ਪਹਿਲੀ ਨਜ਼ਰੇ, ਕਮਿਸ਼ਨ ਨੇ ਸਟਾਰ ਪ੍ਰਚਾਰਕਾਂ ਦੀ ਇੱਕ ਫੌਜ ਨੂੰ ਮੈਦਾਨ ਵਿਚ ਉਤਾਰਨ ਲਈ ਪਾਰਟੀ ਪ੍ਰਧਾਨਾਂ ਨੂੰ ਜ਼ਿੰਮੇਵਾਰ ਠਹਿਰਾਇਆ ਹੈ।

2. ਚੋਣ ਕਮਿਸ਼ਨ ਨੇ ਕਿਹਾ ਕਿ 'ਰਾਜਨੀਤਿਕ ਪਾਰਟੀਆਂ ਨੂੰ ਆਪਣੇ ਉਮੀਦਵਾਰਾਂ ਦੀਆਂ ਕਾਰਵਾਈਆਂ ਦੀ ਪਹਿਲੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਖ਼ਾਸ ਕਰਕੇ ਸਟਾਰ ਪ੍ਰਚਾਰਕਾਂ ਦੇ ਮਾਮਲੇ ਵਿਚ। ਉੱਚ ਅਹੁਦਿਆਂ 'ਤੇ ਕਾਬਜ਼ ਲੋਕਾਂ ਦੇ ਚੋਣ ਭਾਸ਼ਣਾਂ ਦਾ ਪ੍ਰਭਾਵ ਜ਼ਿਆਦਾ ਗੰਭੀਰ ਹੁੰਦਾ ਹੈ'

ਭਾਜਪਾ ਦੀ ਸ਼ਿਕਾਇਤ: ਪਾਰਟੀ ਨੇ ਸੋਮਵਾਰ ਨੂੰ ਚੋਣ ਕਮਿਸ਼ਨ ਨੂੰ ਕਿਹਾ ਕਿ ਕਾਂਗਰਸ ਨੇਤਾ ਰਾਹੁਲ ਗਾਂਧੀ ਦੇਸ਼ ਵਿਚ ਗਰੀਬੀ ਵਧਾਉਣ ਦੇ ਝੂਠੇ ਦਾਅਵੇ ਕਰ ਰਹੇ ਹਨ।

ਦੂਜੇ ਗੇੜ ਦੀਆਂ ਲੋਕ ਸਭਾ ਚੋਣਾਂ ਲਈ ਵੋਟਿੰਗ, ਬੰਦ ਰਹਿਣਗੇ ਸਕੂਲ ਅਤੇ ਕਾਲਜ

ਨੋਇਡਾ , 25 ਅਪ੍ਰੈਲ (ਪ੍ਰਤੀਨਿਧੀ) : ਲੋਕ ਸਭਾ ਚੋਣਾਂ 2024 ਤਹਿਤ ਦੂਜੇ ਗੇੜ ਦੀਆਂ ਵੋਟਾਂ ਸ਼ੁੱਕਰਵਾਰ ਨੂੰ ਪੈਣਗੀਆਂ। 26 ਅਪ੍ਰੈਲ ਨੂੰ ਦੇਸ਼ ਦੇ 13 ਸੂਬਿਆਂ ਦੀਆਂ 88 ਸੀਟਾਂ 'ਤੇ ਵੋਟਿੰਗ ਹੋਵੇਗੀ। ਇਸ ਤੋਂ ਪਹਿਲਾਂ 19 ਅਪ੍ਰੈਲ ਨੂੰ 21 ਸੂਬਿਆਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੀਆਂ 102 ਸੀਟਾਂ 'ਤੇ ਵੋਟਿੰਗ ਹੋਈ ਸੀ। ਚੋਣਾਂ ਕਾਰਨ ਉੱਤਰ ਪ੍ਰਦੇਸ਼ ਦੇ ਗੌਤਮਬੁੱਧ ਨਗਰ ਜ਼ਿਲ੍ਹੇ ਵਿਚ ਸਕੂਲ ਅਤੇ ਕਾਲਜ ਬੰਦ ਰਹਿਣਗੇ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਕਾਰਖ਼ਾਨਿਆਂ ਅਤੇ ਉਦਯੋਗਾਂ ਨੂੰ ਵੀ ਨਿਰਦੇਸ਼ ਦਿੱਤਾ ਗਿਆ ਹੈ ਕਿ ਸ਼ੁੱਕਰਵਾਰ ਨੂੰ ਮਜ਼ਦੂਰਾਂ ਨੂੰ ਬਿਨਾਂ ਤਨਖ਼ਾਹ ਕੱਟੇ ਛੁੱਟੀ ਦੇਣ, ਤਾਂ ਕਿ ਉਹ ਆਪਣੀ ਵੋਟ ਪਾਉਣ ਜਾ ਸਕਣ। ਜ਼ਿਲ੍ਹਾ ਪ੍ਰਸ਼ਾਸਨ ਦੇ ਅਧਿਕਾਰੀਆਂ ਮੁਤਾਬਕ ਅੱਜ ਨੋਇਡਾ ਦੀ ਫੁੱਲ ਮੰਡੀ ਤੋਂ ਪੋਲਿੰਗ ਪਾਰਟੀਆਂ ਨੂੰ ਰਵਾਨਾ ਕੀਤਾ ਜਾਵੇਗਾ ਅਤੇ 26 ਅਪ੍ਰੈਲ ਨੂੰ ਸਵੇਰੇ 7 ਵਜੇ ਸ਼ਾਮ 6 ਵਜੇ ਤੱਕ ਵੋਟਿੰਗ ਹੋਵੇਗੀ।

ਜ਼ਿਲ੍ਹਾ ਅਧਿਕਾਰੀ ਮਨੀਸ਼ ਕੁਮਾਰ ਵਰਮਾ ਨੇ ਕਿਹਾ ਕਿ ਗੌਤਮਬੁੱਧ ਨਗਰ ਵਿਚ ਸਾਰੇ ਸਕੂਲ ਅਤੇ ਕਾਲਜ ਸ਼ੁੱਕਰਵਾਰ ਨੂੰ ਬੰਦ ਰਹਿਣਗੇ। ਵਰਮਾ ਨੇ ਦੱਸਿਆ ਕਿ ਕਾਰਖ਼ਾਨਿਆਂ ਅਤੇ ਉਦਯੋਗਾਂ ਨੂੰ ਵੀ ਨਿਰਦੇਸ਼ ਦਿੱਤਾ ਗਿਆ ਹੈ ਕਿ ਉਹ ਸ਼ੁੱਕਰਵਾਰ ਨੂੰ ਮਜ਼ਦੂਰਾਂ ਨੂੰ ਛੁੱਟੀ ਦੇਣ। ਅਜਿਹੀ ਪ੍ਰਤਿਕਿਰਿਆ ਮਿਲੀ ਸੀ ਕਿ ਕੰਮ ਦੀ ਵਜ੍ਹਾ ਤੋਂ ਕੁਝ ਮਜ਼ਦੂਰ ਵੋਟ ਪਾਉਣ ਹੀ ਜਾ ਪਾਉਂਦੇ ਇਸ ਲਈ ਇਹ ਫ਼ੈਸਲਾ ਲਿਆ ਗਿਆ।

ਪਟਨਾ ਰੇਲਵੇ ਸਟੇਸ਼ਨ ਨੇੜੇ ਹੋਟਲ ਨੂੰ ਅੱਗ ਲੱਗੀ, 3 ਮਰੇ ਤੇ 20 ਤੋਂ ਵੱਧ ਬਚਾਏ

ਪਟਨਾ, 25 ਅਪ੍ਰੈਲ (ਪ੍ਰਤੀਨਿਧੀ) : ਬਿਹਾਰ ਦੀ ਰਾਜਧਾਨੀ ਪਟਨਾ 'ਚ ਰੇਲਵੇ ਸਟੇਸ਼ਨ ਨੇੜੇ ਹੋਟਲ 'ਚ ਅੱਜ ਅਚਾਨਕ ਭਿਆਨਕ ਅੱਗ ਲੱਗ ਗਈ।

ਇਸ ਕਾਰਨ 3 ਵਿਅਕਤੀਆਂ ਦੀ ਮੌਤ ਹੋ ਗਈ ਤੇ 20 ਤੋਂ ਵੱਧ ਨੂੰ ਬਚਾਅ ਲਿਆ। ਫਾਇਰ ਬ੍ਰਿਗੇਡ ਨੇ ਹਾਈਡ੍ਰੌਲਿਕ ਲਿਫਟ ਰਾਹੀਂ ਹੋਟਲ 'ਚੋਂ 20-25 ਵਿਅਕਤੀਆਂ ਨੂੰ ਸੁਰੱਖਿਅਤ ਬਾਹਰ ਕੱਢ ਲਿਆ ਅਤੇ ਅੱਗ 'ਤੇ ਕਾਬੂ ਪਾਉਣ ਲਈ ਕਈ ਫਾਇਰ ਇੰਜਣਾਂ ਨੂੰ ਤਾਇਨਾਤ ਕੀਤਾ ਗਿਆ। ਅੱਗ ਲੱਗਣ ਦੇ ਕਾਰਨਾਂ ਦਾ ਤੁਰੰਤ ਪਤਾ ਨਹੀਂ ਲੱਗਿਆ।

ਮੋਦੀ ਨੂੰ ਪਤਾ ਲੱਗ ਗਿਆ ਕਿ ਲੋਕ ਸਭਾ ਚੋਣਾਂ ਉਨ੍ਹਾਂ ਦੇ ਹੱਥ 'ਚੋਂ ਨਿਕਲ ਚੁੱਕੀਆਂ ਨੇ: ਰਾਹੁਲ

ਨਵੀਂ ਦਿੱਲੀ , 25 ਅਪ੍ਰੈਲ (ਪ੍ਰਤੀਨਿਧੀ) : ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਨੇ ਅੱਜ ਦਾਅਵਾ ਕੀਤਾ ਕਿ ਉਨ੍ਹਾਂ ਦੀ ਪਾਰਟੀ ਦੀ ਗਾਰੰਟੀ ਅਤੇ 'ਮੋਦੀ ਦੀ ਗਾਰੰਟੀ' ਵਿੱਚ ਸਪਸ਼ਟ ਅੰਤਰ ਹੈ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜਾਣਦੇ ਹਨ ਕਿ ਲੋਕ ਸਭਾ ਚੋਣਾਂ ਉਨ੍ਹਾਂ ਦੇ ਹੱਥੋਂ ਨਿਕਲ ਚੁੱਕੀਆਂ ਹਨ। ਰਾਹੁਲ ਗਾਂਧੀ ਨੇ ਸੋਸ਼

ਚੜ੍ਹਦੀਕਲਾ

(2) ਨਵੀਂ ਦਿੱਲੀ, ਸ਼ੁੱਕਰਵਾਰ, 26 ਅਪ੍ਰੈਲ, 2024

ਅੱਜ ਦਾ ਵਿਚਾਰ

ਤੁਹਾਡੇ ਜਜ਼ਬਾਤ ਤੁਹਾਡੇ ਸਮੇਂ ਅਤੇ ਪੈਸਿਆਂ ਤੋਂ ਵੀ ਜ਼ਿਆਦਾ ਅਹਿਮੀਅਤ ਰੱਖਦੇ ਹਨ।

ਜਲਵਾਯੂ ਤਬਦੀਲੀ ਤੇ ਅਰਥ ਵਿਵਸਥਾ

ਜਲਵਾਯੂ ਤਬਦੀਲੀ ਦਾ ਅਸਰ ਹੁਣ ਦੁਨੀਆਂ ਭਰ ਦੀਆਂ ਅਰਥਵਿਵਸਥਾਵਾਂ 'ਤੇ ਦਿਖਾਈ ਦੇ ਰਿਹਾ ਹੈ। ਖਾਸ ਕਰਕੇ ਖੇਤੀ ਸੈਕਟਰ ਇਸ ਨਾਲ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਬਦਲਦੇ ਮੌਸਮ ਕਾਰਨ ਫਸਲਾਂ ਬਰਬਾਦ ਹੋ ਰਹੀਆਂ ਹਨ, ਜਿਸ ਦਾ ਸਿੱਧਾ ਅਸਰ ਅਨਾਜ ਦੀਆਂ ਕੀਮਤਾਂ 'ਤੇ ਪੈ ਰਿਹਾ ਹੈ। ਹੁਣ ਭਾਰਤੀ ਰਿਜ਼ਰਵ ਬੈਂਕ ਨੇ ਵੀ ਮੰਨਿਆ ਹੈ ਕਿ ਉਲਟ ਮੌਸਮ ਕਾਰਨ ਮਹਿੰਗਾਈ ਵੱਧ ਸਕਦੀ ਹੈ। ਇਹ ਬਿਨਾਂ ਸ਼ੱਕ ਰਿਜ਼ਰਵ ਬੈਂਕ ਲਈ ਵੀ ਵੱਡੀ ਚਿੰਤਾ ਦਾ ਵਿਸ਼ਾ ਹੈ। ਉਹ ਮਹਿੰਗਾਈ ਨੂੰ ਚਾਰ ਫੀਸਦੀ ਤੋਂ ਹੇਠਾਂ ਰੱਖਣਾ ਚਾਹੁੰਦਾ ਹੈ। ਇਸ ਲਈ ਜਦੋਂ ਮਾਰਚ ਵਿਚ ਪ੍ਰਚੂਨ ਮਹਿੰਗਾਈ ਦਰ 4.9 ਫੀਸਦੀ ਦਰਜ ਕੀਤੀ ਗਈ ਤਾਂ ਕੁਝ ਉਤਸ਼ਾਹ ਦੇਖਣ ਨੂੰ ਮਿਲਿਆ। ਉਦੋਂ ਰਿਜ਼ਰਵ ਬੈਂਕ ਨੇ ਦਾਅਵਾ ਕੀਤਾ ਸੀ ਕਿ ਉਹ ਛੇਤੀ ਹੀ ਮਹਿੰਗਾਈ 'ਤੇ ਕਾਬੂ ਪਾ ਲਵੇਗਾ। ਪਰ ਹੁਣ ਮੌਸਮ ਦੇ ਰੁਝਾਨ ਨੂੰ ਦੇਖ ਕੇ ਉਸ ਨੂੰ ਲੱਗਣ ਲੱਗਾ ਹੈ ਕਿ ਇਹ ਕੰਮ ਆਸਾਨ ਨਹੀਂ ਹੋਵੇਗਾ। ਜਦੋਂ ਕਣਕ ਦੀ ਫ਼ਸਲ ਵੱਢ ਕੇ ਕੋਠੇ 'ਤੇ ਪਹੁੰਚੀ ਤਾਂ ਦੇਸ਼ ਦੇ ਕਈ ਇਲਾਕਿਆਂ 'ਚ ਤੇਜ਼ ਮੀਂਹ ਨੇ ਇਸ ਨੂੰ ਗਿਲਾ ਕਰ ਦਿੱਤਾ। ਬਹੁਤ ਸਾਰਾ ਅਨਾਜ ਗੋਦਾਮ ਪਹੁੰਚਣ ਤੋਂ ਪਹਿਲਾਂ ਹੀ ਗਿੱਲਾ ਹੋ ਗਿਆ। ਇਸ ਤਰ੍ਹਾਂ ਬਹੁਤ ਸਾਰਾ ਅਨਾਜ ਸੜ ਜਾਵੇਗਾ ਅਤੇ ਬਰਬਾਦ ਹੋ ਜਾਵੇਗਾ। ਹੁਣ ਲੱਗਦਾ ਹੈ ਕਿ ਇਹ ਹਰ ਸਾਲ ਦਾ ਹਿੱਸਾ ਬਣ ਗਿਆ ਹੈ। ਬੇਮੌਸਮੀ ਬਰਸਾਤ ਹਜ਼ਾਰਾਂ ਟਨ ਅਨਾਜ ਬਰਬਾਦ ਕਰ ਦਿੰਦੀ ਹੈ। ਪ੍ਰਚੂਨ ਮਹਿੰਗਾਈ ਵਿੱਚ ਸਭ ਤੋਂ ਵੱਡੀ ਚਿੰਤਾ ਖੁਰਾਕੀ ਵਸਤਾਂ ਦੀਆਂ ਕੀਮਤਾਂ ਨੂੰ ਲੈ ਕੇ ਹੈ। ਰੋਜ਼ਾਨਾ ਵਰਤੋਂ ਵਿੱਚ ਆਉਣ ਵਾਲੇ ਅਨਾਜ ਅਤੇ ਸਬਜ਼ੀਆਂ ਦੇ ਭਾਅ ਆਮ ਆਮਦਨ ਵਰਗ ਦੀ ਪਹੁੰਚ ਤੋਂ ਬਾਹਰ ਹੁੰਦੇ ਜਾ ਰਹੇ ਹਨ। ਇਸ ਦਾ ਇਕ ਕਾਰਨ ਈਂਧਨ ਦੀਆਂ ਕੀਮਤਾਂ ਵਿਚ ਵਾਧਾ ਹੈ, ਜਿਸ ਕਾਰਨ ਆਵਾਜਾਈ 'ਤੇ ਖਰਚੇ ਵੱਧ ਗਏ ਹਨ। ਮੌਜੂਦਾ ਗਲੋਬਲ ਸਥਿਤੀ ਵਿੱਚ, ਸਪਲਾਈ ਚੇਨ ਵਿਘਨ ਕਾਰਨ ਕੱਚੇ ਤੇਲ ਦੀਆਂ ਕੀਮਤਾਂ ਅਨਿਸ਼ਚਿਤ ਹਨ। ਇਸ ਕਾਰਨ ਰਿਜ਼ਰਵ ਬੈਂਕ ਮਹਿੰਗਾਈ ਨੂੰ ਲੈ ਕੇ ਚਿੰਤਤ ਰਹਿੰਦਾ ਹੈ। ਇਸ ਤੋਂ ਪਹਿਲਾਂ ਰੂਸ-ਯੂਕਰੇਨ ਟਕਰਾਅ ਕਾਰਨ ਦੁਨੀਆਂ ਭਰ 'ਚ ਸਮੱਸਿਆਵਾਂ ਪੈਦਾ ਹੋਈਆਂ ਸਨ, ਹੁਣ ਇਜ਼ਰਾਈਲ-ਫਲਸਤੀਨ ਸੰਘਰਸ਼ 'ਚ ਈਰਾਨ ਦੇ ਦਾਖਲ ਹੋਣ ਅਤੇ ਉਸ 'ਤੇ ਅਮਰੀਕਾ ਦੀਆਂ ਸਖਤ ਵਪਾਰਕ ਪਾਬੰਦੀਆਂ ਕਾਰਨ ਸੰਕਟ ਹੋਰ ਡੂੰਘਾ ਹੋ ਗਿਆ ਹੈ। ਕਿਉਂਕਿ ਭਾਰਤ ਕੱਚੇ ਤੇਲ ਲਈ ਦੂਜੇ ਦੇਸ਼ਾਂ 'ਤੇ ਨਿਰਭਰ ਹੈ, ਅਜਿਹੀ ਸਥਿਤੀ ਵਿਚ ਤੇਲ ਦੀਆਂ ਕੀਮਤਾਂ ਨੂੰ ਹੇਠਾਂ ਲਿਆਉਣਾ ਉਸ ਲਈ ਮੁਸ਼ਕਲ ਹੋਵੇਗਾ। ਪਰ ਮੌਸਮ ਦੇ ਕਹਿਰ ਨੂੰ ਦੂਰ ਕਰਨ ਲਈ ਕਿਸੇ ਨੂੰ ਕੋਈ ਰਾਹ ਨਜ਼ਰ ਨਹੀਂ ਆ ਰਿਹਾ। ਸਰਦੀ, ਗਰਮੀ ਅਤੇ ਬਰਸਾਤ ਦੇ ਦੌਰ ਅਸੰਤੁਲਿਤ ਹੋ ਗਏ ਹਨ। ਇਸ ਦੇ ਨਾਲ ਹੀ ਕਈ ਥਾਵਾਂ 'ਤੇ ਭਾਰੀ ਮੀਂਹ ਅਤੇ ਹੜ੍ਹਾਂ ਕਾਰਨ ਅਤੇ ਕਈ ਥਾਵਾਂ 'ਤੇ ਸੋਕੇ ਕਾਰਨ ਫਸਲਾਂ ਤਬਾਹ ਹੋ ਜਾਂਦੀਆਂ ਹਨ। ਸਰਦੀ ਦਾ ਸਮਾਂ ਘੱਟ ਹੋਣ ਕਾਰਨ ਕਣਕ ਦੀ ਫ਼ਸਲ 'ਤੇ ਖਾਸ ਤੌਰ 'ਤੇ ਮਾੜਾ ਅਸਰ ਪੈ ਰਿਹਾ ਹੈ। ਗਰਮੀ ਦਾ ਮੌਸਮ ਜਲਦੀ ਸ਼ੁਰੂ ਹੋਣ ਕਾਰਨ ਕਣਕ ਦੀ ਪੈਦਾਵਾਰ ਘੱਟ ਰਹੀ ਹੈ। ਸਾਡੇ ਖੇਤੀ ਸੈਕਟਰ ਦਾ ਵੱਡਾ ਹਿੱਸਾ ਅਜੇ ਵੀ ਮਾਨਸੂਨ 'ਤੇ ਨਿਰਭਰ ਹੈ। ਕਈ ਖੇਤਰਾਂ ਵਿੱਚ ਸਿੰਚਾਈ ਦੇ ਸਾਧਨ ਉਪਲਬਧ ਨਹੀਂ ਹਨ। ਜਿਸ ਸਾਲ ਉਨ੍ਹਾਂ ਇਲਾਕਿਆਂ ਵਿੱਚ ਘੱਟ ਜਾਂ ਘੱਟ ਮੀਂਹ ਪੈਂਦਾ ਹੈ, ਉਸ ਸਾਲ ਉਤਪਾਦਨ ਵਿੱਚ ਕਾਫ਼ੀ ਕਮੀ ਆ ਜਾਂਦੀ ਹੈ। ਹੁਣ ਤੱਕ, ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਪ੍ਰਤੀਕੂਲ ਮੌਸਮ ਦੇ ਕਾਰਨ, ਜੀਡੀਪੀ ਨੂੰ ਲਗਭਗ ਡੇਢ ਪ੍ਰਤੀਸ਼ਤ ਦਾ ਨੁਕਸਾਨ ਹੋ ਰਿਹਾ ਹੈ ਕਿਉਂਕਿ ਜਲਵਾਯੂ ਪਰਿਵਰਤਨ ਨਾਲ ਵੱਖ-ਵੱਖ ਖੇਤਰਾਂ 'ਤੇ ਮਾੜਾ ਅਸਰ ਪੈਣ ਦੀ ਸੰਭਾਵਨਾ ਹੈ, ਇਸ ਲਈ ਖੇਤੀਬਾੜੀ ਸੈਕਟਰ ਸਭ ਤੋਂ ਵੱਧ ਪ੍ਰਭਾਵਿਤ ਹੋਵੇਗਾ। ਅਜਿਹੇ 'ਚ ਰਿਜ਼ਰਵ ਬੈਂਕ ਲਈ ਮਹਿੰਗਾਈ 'ਤੇ ਕਾਬੂ ਪਾਉਣਾ ਆਸਾਨ ਨਹੀਂ ਹੋਵੇਗਾ। ਵਧਦੀ ਬੇਰੁਜ਼ਗਾਰੀ ਅਤੇ ਘਟਦੀ ਪ੍ਰਤੀ ਵਿਅਕਤੀ ਆਮਦਨ ਕਾਰਨ ਮਹਿੰਗਾਈ ਦਾ ਪ੍ਰਭਾਵ ਹੋਰ ਵੀ ਗੰਭੀਰ ਹੁੰਦਾ ਜਾ ਰਿਹਾ ਹੈ। ਇਸ ਨਾਲ ਨਜਿੱਠਣ ਲਈ ਰਿਜ਼ਰਵ ਬੈਂਕ ਨੂੰ ਕੋਈ ਬਦਲਵਾਂ ਪ੍ਰਬੰਧ ਕਰਨਾ ਹੋਵੇਗਾ।

-ਜਗਜੀਤ ਸਿੰਘ ਦਰਦੀ

ਭਾਰਤੀ ਚੋਣਾਂ ਬਾਰੇ ਵਿਦੇਸ਼ੀ ਮੀਡੀਏ ਦੀ ਨੁੱਕਤਾ-ਨਿਗਾਹ

ਦਰਬਾਰਾ ਸਿੰਘ ਕਾਹਲੋਂ
+1 2898292929

ਭਾਰਤ ਅੰਦਰ 18ਵੀਂ ਲੋਕ ਸਭਾ ਦੀਆਂ 543 ਸੀਟਾਂ ਲਈ ਚੋਣ ਪ੍ਰਕ੍ਰਿਆ ਬੜੇ ਸੰਜੀਦਾ ਧੂਮ-ਧੜੱਕੇ ਅਤੇ ਉਤਸ਼ਾਹ ਨਾਲ ਸ਼ੁਰੂ ਹੋ ਚੁੱਕੀ ਹੈ। 7 ਗੇੜਾਂ ਵਿਚ ਹੋਣ ਵਾਲੀਆਂ ਚੋਣਾਂ 19 ਅਪ੍ਰੈਲ, 2024 ਨੂੰ ਸ਼ੁਰੂ ਹੋ ਗਈਆਂ ਹਨ ਜੋ ਸਿਲਸਿਲਾ 1 ਜੂਨ, 2024 ਤੱਕ ਜਾਰੀ ਰਹੇਗਾ। 4 ਜੂਨ ਨੂੰ ਭਾਰਤੀ ਚੋਣ ਕਮਿਸ਼ਨ ਨਤੀਜੇ ਐਲਾਨ ਦੇਵੇਗਾ। ਲੋਕ ਰਾਇ ਅਨੁਸਾਰ ਨਵੀਂ ਸਰਕਾਰ ਹੋਂਦ ਵਿਚ ਆ ਜਾਵੇਗੀ।

ਦੇਸ਼-ਵਿਦੇਸ਼ ਅੰਦਰ ਹੀ ਨਹੀਂ ਸਗੋਂ ਕੌਮਾਂਤਰੀ ਸੰਸਥਾਵਾਂ ਵਿਚ ਇਨ੍ਹਾਂ ਚੋਣਾਂ ਦੇ ਚਰਚੇ ਬੜੇ ਜ਼ੋਰਾਂ-ਸ਼ੋਰਾਂ ਨਾਲ ਚਲ ਰਹੇ ਹਨ। ਦਿਲਚਸਪ ਗੱਲ ਇਹ ਹੈ ਕਿ ਭਾਰਤ ਵਿਸ਼ਵ ਦਾ ਸਭ ਤੋਂ ਵੱਡਾ ਲੋਕਤੰਤਰ ਹੈ। ਕਰੀਬ 140 ਕਰੋੜ ਦੀ ਆਬਾਦੀ ਵਾਲੇ ਦੇਸ਼ ਦੇ ਇਸ ਮਹਾਂਚੋਣ ਪੁਰਵ ਵਿਚ 98.68 ਕਰੋੜ ਵੋਟਰ ਭਾਗ ਲੈ ਰਹੇ ਹਨ। ਕਰੀਬ 2.63 ਕਰੋੜ ਐਸੇ ਨੌਜਵਾਨ ਵੋਟਰ ਹਨ ਜੋ ਪਹਿਲੀ ਵਾਰ ਆਪਣੇ ਮੱਤ ਅਧਿਕਾਰ ਦੀ ਵਰਤੋਂ ਕਰਨ ਜਾ ਰਹੇ ਹਨ, ਜਿਨ੍ਹਾਂ ਵਿਚ 1.41 ਕਰੋੜ ਔਰਤ ਵੋਟਰ ਹਨ। ਇਹ ਸਭ ਅਦਭੁੱਤ ਹੈ।

ਯੂ. ਐੱਨ. ਓ., ਯੂਰਪੀਅਨ ਯੂਨੀਅਨ, 22 ਅਰਬ ਦੇਸ਼ਾਂ ਅਧਾਰਿਤ 'ਅਰਬ ਲੀਗ', ਏਸ਼ੀਅਨ, ਅਫਰੀਕਨ, ਲੈਤਾਨੀ ਦੇਸ਼, ਅਮਰੀਕਾ, ਰੂਸ, ਚੀਨ ਵਰਗੇ ਤਾਕਤਵਰ ਦੇਸ਼ ਭਾਰਤੀ ਚੋਣਾਂ ਨੂੰ ਬੜੀ ਸੂਖਮਤਾ ਨਾਲ ਤੱਕ ਰਹੇ ਹਨ। ਹੈਰਾਨਗੀ ਦੀ ਗੱਲ ਇਹ ਹੈ ਵਿਸ਼ਵ ਦਾ ਨਾਮਵਰ ਇਲੈਕਟ੍ਰਾਨਿਕ, ਪ੍ਰਿੰਟ ਮੀਡੀਆ ਹੀ ਨਹੀਂ ਸਗੋਂ ਸੋਸ਼ਲ ਮੀਡੀਆ ਇਸ ਬਾਰੇ ਟਿੱਪਣੀਆਂ ਕਰਦਾ ਵੇਖਿਆ ਜਾ ਰਿਹਾ ਹੈ। ਨਾਮਵਰ ਅਖਬਾਰਾਂ ਜਿਵੇਂ ਗਲੋਬ ਐਂਡ ਮੇਲ, ਟਰਾਂਟੋ ਸਟਾਰ, ਗਾਰਡੀਅਨ, ਗਲੋਬਲ ਟਾਈਮਜ਼ ਅਤੇ ਅਨੇਕ ਸੰਸਥਾਵਾਂ ਲੇਖਾਂ, ਟਿੱਪਣੀਆਂ ਅਤੇ ਸਟੱਡੀਜ਼ ਰਾਹੀਂ ਭਾਰਤੀ ਲੋਕਤੰਤਰ, ਲੋਕਤੰਤਰੀ ਸੰਸਥਾਵਾਂ, ਮਾਨਵ ਅਧਿਕਾਰਾਂ, ਆਰਥਿਕ ਅਤੇ ਸਮਾਜਿਕ ਵਿਵਸਥਾ ਬਾਰੇ ਸਮੀਖਿਆਵਾਂ ਪੇਸ਼ ਕਰ ਰਹੀਆਂ ਹਨ।

'ਦਾ ਗਾਰਡੀਅਨ' ਦਾ ਮੰਨਣਾ ਹੈ, ਵਿਸ਼ਵ ਦੀ ਸਭ ਤੋਂ ਲੰਬੀ ਚੋਣ ਪ੍ਰਕ੍ਰਿਆ ਦੇ ਸ਼ੁਰੂ ਹੋਣ 'ਤੇ ਹੀ ਦਾਅਵਾ ਕੀਤਾ ਜਾਂਦਾ ਕਿ ਦੇਸ਼ ਦੀ ਅਗਵਾਈ ਕਰਨ ਲਈ ਲੱਗੀ ਦੌੜ ਪਹਿਲਾਂ ਹੀ ਜਿੱਤੀ ਜਾ ਚੁੱਕੀ ਹੈ। ਜੇਕਰ ਨਰਿੰਦਰ ਮੋਦੀ ਤੀਜੀ ਵਾਰ ਵੱਡੇ ਬਹੁਮੱਤ ਨਾਲ ਜਿੱਤ ਪ੍ਰਾਪਤ ਕਰਦੇ ਹਨ ਤਾਂ ਉਹ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਜਵਾਹਰ ਲਾਲ ਨਹਿਰੂ ਦੀ ਬਰਾਬਰੀ ਕਰ ਲੈਣਗੇ। ਜੋ ਵੀ ਨਤੀਜੇ ਹੋਣ ਪਰ ਸਭ ਤੋਂ ਵੱਡੇ ਘਾਟੇ ਵਿਚ ਭਾਰਤੀ ਲੋਕਤੰਤਰ ਹੋਵੇਗਾ। ਨਹਿਰੂ ਤਾਂ ਗੁਮਨਾਮ ਤੌਰ 'ਤੇ ਆਪਣੀ ਆਲੋਚਨਾ ਕਰ ਲੈਂਦਾ ਸੀ ਪਰ ਮੋਦੀ ਕੋਲ ਤਾਂ ਆਪਣੇ ਵਿਰੋਧੀਆਂ ਲਈ ਵੀ ਸਮਾਂ ਨਹੀਂ।

ਲੋਕਤੰਤਰ ਤਾਂ ਹੀ ਬਾਖੂਬੀ ਚਲਦਾ ਹੈ ਜੇਕਰ ਮੁਕਾਬਲਾ ਵਿਚਾਰਾਂ ਅਤੇ ਸਾਸ਼ਨ ਵੱਲੋਂ ਹਰ ਰੋਜ਼ ਨਾਗਰਿਕਾਂ ਨਾਲ ਬਰਾਬਰੀ ਭਰੇ ਵਰਤਾਓ ਦੀ ਗਾਰੰਟੀ ਆਧਾਰਿਤ ਹੋਵੇ। ਲੇਕਿਨ ਮੋਦੀ ਕਾਲ ਵਿਚ ਇਸ ਦੀ ਘਾਟ ਪਾਈ ਗਈ ਹੈ। ਮੁੱਖ ਵਿਰੋਧੀ ਧਿਰ ਕਾਂਗਰਸ ਪਾਰਟੀ ਦੇ ਬੈਂਕ ਖਾਤੇ ਫਰੀਜ਼ ਕੀਤੇ ਗਏ। ਈ. ਡੀ. ਅਤੇ ਆਈ. ਟੀ. ਵੱਲੋਂ ਵਿਰੋਧੀ ਆਗੂ ਗ੍ਰਿਫਤਾਰ ਕੀਤੇ ਗਏ। ਸੰਨ 2018 ਤੋਂ ਭਾਜਪਾ ਨੇ ਅਮੀਰ ਦਾਨੀਆਂ ਤੋਂ ਸਵਾ ਬਿਲੀਅਨ ਪੌਂਡ ਭਾਵ ਵਿਰੋਧੀ ਪਾਰਟੀਆਂ ਦੇ ਕੁੱਲ ਜੋੜ ਤੋਂ ਕਿਤੇ ਵੱਧ ਪ੍ਰਾਪਤ ਕੀਤੇ।

ਗਲੋਬ ਐਂਡ ਮੇਲ, ਟਰਾਂਟੋ ਸਟਾਰ ਅੰਦਰਲੇ ਲੇਖ ਵੀ 'ਦਾ ਗਾਰਡੀਅਨ' 205 ਮਿਲੀਅਨ ਭਾਰਤੀ ਮੁਸਲਮਾਨਾਂ ਨੂੰ ਦਰਕਿਨਾਰ ਕਰਨ ਵਾਲੇ ਸ਼੍ਰੀ ਮੋਦੀ ਦੇ 1.1 ਬਿਲੀਅਨ ਹਿੰਦੂ ਬਹੁਗਿਣਤੀ ਆਧਾਰ 'ਤੇ ਹਿੰਦੁਤਵੀ ਪੱਤੇ ਦਾ ਜ਼ਿਕਰ ਕਰਦੇ ਹਨ ਜਿਸ ਸਹਾਰੇ ਤੀਜੀ ਵਾਰ ਉਹ ਸੱਤਾ 'ਤੇ ਆਸੀਨ ਹੋਣਗੇ।

ਉਹ ਦੱਖਣੀ ਭਾਰਤ ਜਿੱਥੇ ਸ਼੍ਰੀ ਮੋਦੀ ਦੀ ਹਿੰਦੂਤਵੀ ਲਹਿਰ ਦਾ ਕੋਈ ਅਸਰ ਨਹੀਂ ਉੱਤਰੀ ਭਾਰਤੀਆਂ ਨਾਲੋਂ ਬਿਹਤਰ ਤਰਜ਼ਏਜ਼ਿੰਦਗੀ ਦਾ ਜ਼ਿਕਰ ਕਰਦੇ ਹਨ। ਅਜੋਕੇ 28 ਰਾਜਾਂ 8 ਕੇਂਦਰੀ ਸਾਸ਼ਤ ਪ੍ਰਦੇਸ਼ਾਂ ਅਧਾਰਿਤ 140 ਕਰੋੜ ਆਬਾਦੀ ਵਾਲੇ ਵੱਖਵੱਖ ਧਰਮਾਂ, ਜਾਤਾਂ, ਭਾਸ਼ਾਵਾਂ, ਸੱਭਿਆਚਾਰਾਂ ਅਤੇ ਇਲਾਕਿਆਂ ਦੇ ਦੇਸ਼ ਨੂੰ ਇਕਜੁੱਟ ਰੱਖਣ ਵਿਚ ਇਸ ਦੇ ਸੰਸਥਾਪਕਾਂ ਵੱਲੋਂ ਅੰਗਰੇਜ਼ੀ ਭਾਸ਼ਾ ਅਤੇ ਲੋਕਤੰਤਰੀ ਸਿਧਾਂਤਾਂ ਅਤੇ ਸੰਸਥਾਵਾਂ ਦੇ ਨਿਰਮਾਣ ਨੇ ਵੱਡੀ ਭੂਮਿਕਾ ਨਿਭਾਈ। ਲੇਕਿਨ ਸ਼੍ਰੀ ਮੋਦੀ ਸ਼ਕਤੀ ਦੇ ਕੇਂਦਰੀਕਰਨ ਰਾਹੀਂ ਗੈਰਹਿੰਦੀ ਭਾਸ਼ਾ ਭਾਰਤ 'ਤੇ ਆਪਣਾ ਕੰਟਰੋਲ ਰੱਖ ਰਿਹਾ ਹੈ।

ਵਿਦੇਸ਼ੀ ਮੀਡੀਆ ਸਮਝਦਾ ਹੈ ਕਿ ਹਿੰਦੂਤਵੀ ਪੱਤੇ ਰਾਹੀਂ ਸ਼੍ਰੀ ਮੋਦੀ ਨੇ ਪੰਡਤ ਜਵਾਹਰ ਲਾਲ ਨਹਿਰੂ ਵੱਲੋਂ ਸਥਾਪਿਤ ਧਰਮਨਿਰਪੱਖ, ਹਿੰਦੂ-ਮੁਸਲਿਮ ਅੰਦਰ ਵਧਦੀ ਨੇੜਤਾ ਫਿਰਕੂ ਸਕੁੰਚਿਤ ਰਾਸ਼ਟਰਵਾਦੀ ਵਿਚਾਰਧਾਰਾ ਅਤੇ ਅਮਲ ਰਾਹੀਂ ਖਤਮ ਕੀਤੀ ਹੈ। ਰਾਜਕੀ ਪੁਲਿਸ ਸ਼ਕਤੀ ਅਤੇ ਹਿੰਦਤਵੀ ਚੌਕਸੀ ਗਰੁੱਪਾਂ ਦੀ ਤਸ਼ੱਦਦ ਰਾਹੀਂ ਭਾਰਤੀ ਰਾਸ਼ਟਰ ਅੰਦਰ ਡਰ ਅਤੇ ਸਹਿਮ ਦਾ ਮਾਹੌਲ ਪੈਦਾ ਕਰ ਰਖਿਆ ਹੈ।

ਤਿੰਨ ਤਲਾਕ, ਧਾਰਾ 370 (ਜੰਮੂਕਸ਼ਮੀਰ) ਦਾ ਖਾਤਮਾ, ਨਾਗਰਿਕਤਾ ਸੋਧ ਬਿੱਲ, 2019, ਸਮਾਨ ਨਾਗਰਿਕ ਸਹੰਤਾ (ਯੂ. ਸੀ. ਸੀ) ਕਈ ਸਾਲ 2001 ਵਿਚ ਗੁਜਰਾਤ ਦੇ ਮੁੱਖ ਮੰਤਰੀ ਬਣਨ ਤੋਂ ਪਹਿਲਾਂ ਸ਼੍ਰੀ ਮੋਦੀ ਨੇ ਆਰ. ਐੱਸ. ਐੱਸ. ਦੇ ਕਾਰੀਆਕਰਤਾ ਵਜੋਂ ਕੰਮ ਕਰਨ ਵੇਲੇ ਲਏ ਗਏ ਸੰਕਲਪਾਂ ਅਧੀਨ ਹਿੰਦੂ ਰਾਸ਼ਟਰਵਾਦ ਦੀ ਪ੍ਰਬਲਤਾ ਲਈ ਘੜੇ। ਅਫਗਾਨਿਸਤਾਨ, ਬੰਗਲਾ ਦੇਸ਼, ਪਾਕਿਸਤਾਨ ਤੋਂ ਆਏ ਪ੍ਰਵਾਸੀ ਬੋਧੀਆਂ, ਜੈਨੀਆਂ, ਸਿੱਖਾਂ, ਪਾਰਸੀਆਂ ਅਤੇ ਹਿੰਦੂਆਂ ਨੂੰ ਭਾਰਤੀ ਨਾਗਰਿਕਤਾ ਪ੍ਰਦਾਨ ਕੀਤੀ ਜਾਵੇਗੀ ਪਰ ਮੁਸਲਿਮ ਭਾਈਚਾਰੇ ਨੂੰ ਨਹੀਂ।

ਮੁਗਲ ਕਾਲ ਵੇਲੇ ਅਯੁਧਿਆ ਵਿਖੇ ਸਥਾਪਿਤ ਬਾਬਰੀ ਮਸਜਿਦ ਗਿਰਾ ਕੇ ਉਸ ਥਾਂ 'ਤੇ ਸ਼ਾਨਦਾਰ ਰਾਮ ਮੰਦਰ ਦਾ ਨਿਰਮਾਣ ਹਿੰਦੂਤਵ ਵਾਸਤੂ ਸਾਸ਼ਤਰ ਰਾਹੀਂ ਕੀਤਾ ਗਿਆ ਹੈ ਜਿੱਥੇ ਖੁਦ ਸ਼੍ਰੀ ਮੋਦੀ ਨੇ 22 ਜਨਵਰੀ, 2024 ਨੂੰ ਰਾਮ ਲੱਲਾ ਪ੍ਰਾਣ ਪ੍ਰਤਿਸ਼ਠਤਾ ਕਾਰਜ ਅੰਜਾਮ ਦਿੱਤਾ।

ਅਰਵਿੰਦ ਕੇਜਰੀਵਾਲ ਸੰਨ 2006 ਦੇ ਮੈਗਾਸੇਸੇ ਇਨਾਮ ਪ੍ਰਾਪਤ ਕਰਤਾ, ਦਿੱਲੀ ਦੇ ਸੰਨ 2013 ਅਤੇ ਫਿਰ 2015 ਤੋਂ ਮੁੱਖ ਮੰਤਰੀ ਬਣੇ ਚਲੇ ਆ ਰਹੇ ਹਨ, ਜਿਨ੍ਹਾਂ ਭ੍ਰਿਸ਼ਟਾਚਾਰ, ਗਰੀਬਾਂ ਲਈ ਘਰ, ਸਾਫ ਪਾਣੀ, ਮੁਫਤ ਬਿਜਲੀ, ਵਾਈ. ਫਾਈ., ਔਰਤਾਂ ਦੀ ਸੁਰੱਖਿਆ, ਮੁਫ਼ਤ ਬਸ ਯਾਤਰਾ, ਮੁਹੱਲਾ ਕਲਿਨਕਾਂ ਵਿਚ ਮੁਫਤ ਸਿਹਤ ਸਹੂਲਤਾਂ ਅਤੇ ਵਧੀਆ ਸਕੂਲ ਸਿੱਖਿਆ ਦੇਣ ਵਿਚ ਦੇਸ਼-ਵਿਦੇਸ਼ ਵਿਚ ਨਾਮਣਾ ਖੱਟਿਆ, ਨੂੰ ਮੋਦੀ ਦੀ ਹਿੱਕ ਵਿਚ ਕੰਡਾ ਸਮਝਦੇ 12 ਮਿਲੀਅਨ ਅਮਰੀਕੀ ਡਾਲਰ ਸ਼ਰਾਬ ਘੋਟਾਲੇ ਵਿਚ ਰਿਸ਼ਵਤ ਦੇ ਦੋਸ਼ ਵਿਚ ਗ੍ਰਿਫਤਾਰ ਕੀਤਾ ਗਿਆ। ਇਵੇਂ ਹੋਰ ਵਿਰੋਧੀ ਗ੍ਰਿਫਤਾਰ ਕੀਤੇ ਗਏ। ਕੇਜਰੀਵਾਲ ਆਪਣੇ ਆਪ ਨੂੰ ਨਿਰਦੋਸ਼ ਦੱਸਦਾ ਹੈ। ਮਾਮਲਾ ਨਿਆਂਪਾਲਕਾ ਵਿਚਾਰ ਅਧੀਨ ਹੈ। ਅਮਰੀਕਾ, ਜਰਮਨੀ, ਯੂ. ਐੱਨ. ਕੇਜਰੀਵਾਲ ਦੀ ਗ੍ਰਿਫਤਾਰੀ 'ਤੇ ਸਵਾਲ ਉਠਾ ਚੁੱਕੇ ਹਨ।

ਇਸੇ ਦੌਰਾਨ ਵਿਸ਼ਵ ਸਮਾਨਤਾ ਲੈਬ ਸੰਸਥਾ ਅਜੋਕੇ ਮੋਦੀ ਕਾਲ ਨੂੰ ਭਾਰਤੀ ਅਰਬਪਤੀਆਂ ਲਈ ਸੁਨਹਿਰੀ ਕਾਲ ਸਮਝਦੀ ਹੈ, ਜਿਸ ਨੇ ਅਮਰੀਕਾ, ਬ੍ਰਾਜ਼ੀਲ, ਦੱਖਣੀ ਅਫਰੀਕਾ ਨਾਲੋਂ ਵੀ ਭਾਰਤ ਅੰਦਰ ਆਰਥਿਕ ਸਮਾਜਿਕ ਨਾਬਰਾਬਰੀ ਨੂੰ ਅੱਗ ਲਗਾ ਰੱਖੀ ਹੈ।

ਵਾਸ਼ਿੰਗਟਨ ਸਥਿਤ ਥਿੰਕ ਟੈਂਕ ਫਰੀਡਮ ਹਾਊਸ ਦਾ ਮੰਨਣਾ ਹੈ ਕਿ ਸੰਨ 2014 ਤੋਂ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਤੋਂ ਬਾਅਦ ਭਾਰਤ ਵਿਚ ਮਾਨਵ ਅਧਿਕਾਰਾਂ ਅਤੇ ਮਨੁੱਖੀ ਅਜ਼ਾਦੀਆਂ ਨੂੰ ਵੱਡੀ ਢਾਹ ਲੱਗੀ ਹੈ।

ਇਕ ਹੋਰ ਜਾਣਕਾਰੀ ਅਨੁਸਾਰ ਵਿਰੋਧੀ ਧਿਰ ਨੂੰ ਕਾਨੂੰਨੀ ਤੌਰ 'ਤੇ ਪ੍ਰੇਸ਼ਾਨ, ਮੀਡੀਆ ਨੂੰ ਧਮਕਾਇਆ ਜਾਂਦਾ ਹੈ, ਨਿਆਂਪਾਲਕਾ ਦਾ ਕੇਂਦਰੀਕਰਨ ਹੋ ਚੁੱਕਾ ਹੈ। ਟਰਾਂਟੋ ਸਟਾਰ ਭਾਰਤ ਵਿਚ ਐਸੀ ਵਿਵਸਥਾ ਨੂੰ ਭਾਰਤੀ ਵੱਕਾਰ ਦੀ ਮੌਤ, ਗਲੋਬ ਐਂਡ ਮੇਲ ਸਭ ਤੋਂ ਵੱਡੀ ਲੋਕਸ਼ਾਹੀ ਅੰਦਰ ਮਾਨਵ ਅਜ਼ਾਦੀਆਂ ਦਾ ਘਾਣ ਮੰਨਦੇ ਹਨ। ਲੇਕਿਨ ਚੀਨੀ ਕਮਿਊਨਿਸਟ ਪਾਰਟੀ ਬੁਲਾਰਾ 'ਗਲੋਬਲ ਟਾਈਮਜ਼' ਪਿਛਲੇ 4 ਸਾਲਾਂ ਵਿਚ ਭਾਰਤ ਵਿਚ ਵੱਡੀ ਤਬਦੀਲੀ ਦਰਸਾ ਰਿਹਾ ਹੈ। ਭਾਰਤੀ ਆਰਥਿਕ ਵਿਕਾਸ ਅਤੇ ਸਮਾਜਿਕ

ਸੰਵਿਧਾਨ ਦਾ ਉਦੇਸ਼ ਸਮਾਜਿਕ ਤਬਦੀਲੀ ਲਿਆਉਣਾ: ਸੁਪਰੀਮ ਕੋਰਟ

ਨਵੀਂ ਦਿੱਲੀ, 25 ਅਪ੍ਰੈਲ (ਪ੍ਰਤੀਨਿਧੀ) : ਸੁਪਰੀਮ ਕੋਰਟ ਨੇ ਕਿਹਾ ਕਿ ਸੰਵਿਧਾਨ ਦਾ ਮਕਸਦ 'ਸਮਾਜਿਕ ਤਬਦੀਲੀ ਦੀ ਭਾਵਨਾ' ਲਿਆਉਣਾ ਹੈ ਅਤੇ ਇਹ ਕਹਿਣਾ ਖਤਰਨਾਕ ਹੋਵੇਗਾ ਕਿ ਕਿਸੇ ਵਿਅਕਤੀ ਦੀ ਨਿੱਜੀ ਜਾਇਦਾਦ ਨੂੰ 'ਭਾਈਚਾਰੇ ਦਾ ਭੌਤਿਕ ਸਰੋਤ' ਨਹੀਂ ਮੰਨਿਆ ਜਾ ਸਕਦਾ ਅਤੇ ਰਾਜ ਦੇ ਅਧਿਕਾਰੀ 'ਜਨਤਕ ਭਲਾਈ' ਲਈ ਇਸ 'ਤੇ ਕਬਜ਼ਾ ਨਹੀਂ ਕਰ ਸਕਦੇ।

ਇਹ ਟਿੱਪਣੀ ਚੀਫ ਜਸਟਿਸ ਡੀ.ਵਾਈ. ਚੰਦਰਚੂੜ ਦੀ ਅਗਵਾਈ ਵਾਲੇ 9 ਜੱਜਾਂ ਦੇ ਸੰਵਿਧਾਨਕ ਬੈਂਚ ਨੇ ਕੀਤੀ। ਬੈਂਚ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਨਿੱਜੀ ਮਾਲਕੀ ਵਾਲੇ ਸਰੋਤਾਂ ਨੂੰ ÷ਭਾਈਚਾਰੇ ਦੇ ਪਦਾਰਥਕ ਸਰੋਤ÷ ਮੰਨਿਆ ਜਾ ਸਕਦਾ ਹੈ। ਇਸ ਤੋਂ ਪਹਿਲਾਂ ਮੁੰਬਈ ਸਥਿਤ ਪ੍ਰਾਪਰਟੀ ਓਨਰਜ਼ ਐਸੋਸੀਏਸ਼ਨ (ਪੀ.ਓ.ਏ.) ਸਮੇਤ ਵੱਖ-ਵੱਖ ਧਿਰਾਂ ਦੇ ਵਕੀਲਾਂ ਨੇ ਜ਼ੋਰਦਾਰ ਦਲੀਲ ਦਿੱਤੀ ਸੀ ਕਿ ਸੰਵਿਧਾਨ ਦੀ ਧਾਰਾ 39 (ਬੀ) ਅਤੇ 31 ਸੀ ਦੀਆਂ ਸੰਵਿਧਾਨਕ ਯੋਜਨਾਵਾਂ ਦੀ ਆੜ ਵਿੱਚ ਰਾਜ ਦੇ ਅਧਿਕਾਰੀ ਨਿੱਜੀ ਜਾਇਦਾਦਾਂ ਨੂੰ ਆਪਣੇ ਕਬਜ਼ੇ ਵਿੱਚ ਨਹੀਂ ਲੈ ਸਕਦੇ।

ਬੈਂਚ ਵੱਖ-ਵੱਖ ਪਟੀਸ਼ਨਾਂ ਤੋਂ ਪੈਦਾ ਹੋਏ ਗੁੰਝਲਦਾਰ ਕਾਨੂੰਨੀ ਸਵਾਲ 'ਤੇ ਵਿਚਾਰ ਕਰ ਰਹੀ ਹੈ ਕਿ ਕੀ ਸੰਵਿਧਾਨ ਦੀ ਧਾਰਾ 39 (ਬੀ) ਦੇ ਤਹਿਤ ਨਿੱਜੀ ਜਾਇਦਾਦ ਨੂੰ 'ਭਾਈਚਾਰੇ ਦਾ ਪਦਾਰਥਕ ਸਰੋਤ' ਮੰਨਿਆ ਜਾ ਸਕਦਾ ਹੈ। ਸੰਵਿਧਾਨ ਦੀ ਧਾਰਾ 39 (ਬੀ) ਰਾਜ ਨੀਤੀ ਦੇ ਨਿਰਦੇਸ਼ਕ ਸਿਧਾਂਤਾਂ (ਡੀ.ਪੀ.ਐਸ.ਪੀ.) ਦਾ ਹਿੱਸਾ ਹੈ।

ਬੈਂਚ ਨੇ ਕਿਹਾ, "ਇਹ ਕਹਿਣਾ ਥੋੜਾ ਜ਼ਿਆਦਾ ਹੀ ਹੋ ਸਕਦਾ ਹੈ ਕਿ 'ਭਾਈਚਾਰੇ ਦੇ ਪਦਾਰਥਕ ਸਰੋਤਾਂ' ਦਾ ਮਤਲਬ ਸਿਰਫ ਜਨਤਕ ਸਰੋਤ ਹਨ ਅਤੇ ਇਹ ਕਿਸੇ ਵਿਅਕਤੀ ਦੀ ਨਿੱਜੀ ਜਾਇਦਾਦ ਤੋਂ ਪੈਦਾ ਨਹੀਂ ਹੁੰਦੇ। ਮੈਂ ਤੁਹਾਨੂੰ ਦੱਸਾਂਗਾ ਕਿ ਅਜਿਹਾ ਦ੍ਰਿਸ਼ਟੀਕੋਣ ਰੱਖਣਾ ਖਤਰਨਾਕ ਕਿਉਂ ਹੈ।"

ਉਨ੍ਹਾਂ ਕਿਹਾ, ÷ਖਾਣਾਂ ਅਤੇ ਨਿੱਜੀ ਜੰਗਲਾਂ ਵਰਗੀਆਂ ਸਧਾਰਣ ਚੀਜ਼ਾਂ ਨੂੰ ਲਓ। ਉਦਾਹਰਣ ਵਜੋਂ, ਸਾਡੇ ਲਈ ਇਹ ਕਹਿਣਾ ਕਿ ਧਾਰਾ 39 (ਬੀ) ਦੇ ਤਹਿਤ ਸਰਕਾਰੀ ਨੀਤੀ ਨਿੱਜੀ ਜੰਗਲਾਂ 'ਤੇ ਲਾਗੂ ਨਹੀਂ ਹੋਵੇਗੀ... ਇਸ ਲਈ ਇਸ ਤੋਂ ਦੂਰ ਰਹੋ। ਇਹ ਬਹੁਤ ਖਤਰਨਾਕ ਹੋਵੇਗਾ।"

ਬੈਂਚ ਵਿੱਚ ਜਸਟਿਸ ਰਿਸ਼ੀਕੇਸ਼ ਰਾਏ, ਜਸਟਿਸ ਬੀ ਵੀ ਨਾਗਰਤਨਾ, ਜਸਟਿਸ ਸੁਧਾਂਸ਼ੂ ਧੂਲੀਆ, ਜਸਟਿਸ ਜੇ ਬੀ ਪਾਰਦੀਵਾਲਾ, ਜਸਟਿਸ ਮਨੋਜ ਮਿਸ਼ਰਾ, ਜਸਟਿਸ ਰਾਜੇਸ਼ ਬਿੰਦਲ, ਜਸਟਿਸ ਸਤੀਸ਼ ਚੰਦਰ ਸ਼ਰਮਾ ਅਤੇ ਜਸਟਿਸ ਅਗਸਟੀਨ ਜਾਰਜ ਮਸੀਹ ਸ਼ਾਮਲ ਸਨ।

ਬੈਂਚ ਨੇ 1950 ਦੇ ਦਹਾਕੇ ਦੀਆਂ ਸਮਾਜਿਕ ਅਤੇ ਹੋਰ ਮੌਜੂਦਾ ਸਥਿਤੀਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਸੰਵਿਧਾਨ ਦਾ ਉਦੇਸ਼ ਸਮਾਜਿਕ ਤਬਦੀਲੀ ਲਿਆਉਣਾ ਸੀ ਅਤੇ ਅਸੀਂ ਇਹ ਨਹੀਂ ਕਹਿ ਸਕਦੇ ਕਿ ਧਾਰਾ 39 (ਬੀ) ਦਾ ਨਿੱਜੀ ਜਾਇਦਾਦ 'ਤੇ ਕੋਈ ਲਾਗੂ ਨਹੀਂ ਹੈ।' ਬੈਂਚ ਨੇ ਕਿਹਾ ਕਿ ਕੀ ਮਹਾਰਾਸ਼ਟਰ ਕਾਨੂੰਨ, ਜੋ ਅਧਿਕਾਰੀਆਂ ਨੂੰ ਖਸਤਾ ਹਾਲ ਇਮਾਰਤਾਂ ਨੂੰ ਆਪਣੇ ਕਬਜ਼ੇ ਵਿਚ ਲੈਣ ਦੀ ਸ਼ਕਤੀ ਦਿੰਦਾ ਹੈ, ਬਿਲਕੁਲ ਵੱਖਰਾ ਮੁੱਦਾ ਹੈ ਅਤੇ ਇਸ ਨਾਲ ਵੱਖਰੇ ਤੌਰ 'ਤੇ ਨਜਿੱਠਿਆ ਜਾਵੇਗਾ।

ਉੜੀਸਾ 'ਚ ਮੁਕਾਬਲੇ ਦੌਰਾਨ ਦੋ ਮਾਓਵਾਦੀ ਮਰੇ

ਭੁਵਨੇਸ਼ਵਰ , 25 ਅਪ੍ਰੈਲ (ਪ੍ਰਤੀਨਿਧੀ) : ਉੜੀਸਾ ਦੇ ਬੋਧ ਜ਼ਿਲ੍ਹੇ ਵਿਚ ਅੱਜ ਤੜਕੇ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿਚ ਘੱਟੋ-ਘੱਟ ਦੋ ਮਾਓਵਾਦੀ ਮਾਰੇ ਗਏ। ਸੀਨੀਅਰ ਪੁਲੀਸ ਅਧਿਕਾਰੀ ਨੇ ਦੱਸਿਆ ਕਿ ਗੋਲੀਬਾਰੀ ਮਾਓਵਾਦੀਆਂ ਅਤੇ ਉਡੀਸ਼ਾ ਸਪੈਸ਼ਲ ਅਪਰੇਸ਼ਨ ਗਰੁੱਪ (ਐੱਸਓਜੀ) ਦੇ ਜਵਾਨਾਂ ਵਿਚਕਾਰ ਕਾਂਤਾਮਲ ਥਾਣੇ ਦੀ ਹੱਦ ਅਧੀਨ ਜੰਗਲੀ ਖੇਤਰ ਵਿੱਚ ਹੋਈ। ਮੌਕੇ ਤੋਂ ਦੋ ਮਾਓਵਾਦੀਆਂ ਦੀਆਂ ਲਾਸ਼ਾਂ ਮਿਲੀਆਂ ਹਨ ਅਤੇ ਉਨ੍ਹਾਂ ਕੋਲੋਂ ਹਥਿਆਰ, ਹੈਂਡ ਗ੍ਰਨੇਡ ਅਤੇ ਹੋਰ ਸਾਮਾਨ ਵੀ ਬਰਾਮਦ ਕੀਤਾ ਗਿਆ ਹੈ।

ਜਨਰਲ ਵੀ. ਕੇ. ਸਿੰਘ ਤੇ ਅਸ਼ਵਨੀ ਚੌਬੇ ਬਣ ਸਕਦੇ ਹਨ ਰਾਜਪਾਲ



ਨਵੀਂ ਦਿੱਲੀ , 25 ਅਪ੍ਰੈਲ (ਪ੍ਰਤੀਨਿਧੀ): ਸਾਬਕਾ ਕੇਂਦਰੀ ਮੰਤਰੀ ਜਨਰਲ ਵੀ. ਕੇ. ਸਿੰਘ ਤੇ ਅਸ਼ਵਨੀ ਚੌਬੇ ਲੋਕ ਸਭਾ ਦੀਆਂ ਚੋਣਾਂ ਦੌਰਾਨ ਟਿਕਟ ਨਾ ਮਿਲਣ ਦੇ ਬਾਵਜੂਦ ਮੋਦੀ ਸਰਕਾਰ ਤੋਂ ਵੱਖ ਨਹੀਂ ਹੋਏ ਹਨ। ਦੋਹਾਂ ਨੂੰ ਲੈ ਕੇ ਉਮਰ ਦੀ ਸਮੱਸਿਆ ਹੈ, ਜਿਸ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹੱਲ ਕੀਤਾ ਹੈ।

ਮੋਟੇ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਕੇਂਦਰੀ ਮੰਤਰੀ ਮੰਡਲ 'ਚ 75 ਸਾਲ ਤੋਂ ਵੱਧ ਉਮਰ ਦਾ ਕੋਈ ਵਿਅਕਤੀ ਨਹੀਂ ਹੋਵੇਗਾ, ਇਸ ਲਈ 73-74 ਸਾਲ ਤੋਂ ਵੱਧ ਉਮਰ ਦੇ ਕਿਸੇ ਵੀ ਵਿਅਕਤੀ ਨੂੰ ਲੋਕ ਸਭਾ ਦੀ ਟਿਕਟ ਨਹੀਂ ਦਿੱਤੀ ਜਾ ਸਕਦੀ। ਜੇ ਦਿੱਤੀ ਗਈ ਤਾਂ ਉਸ ਨੂੰ ਮੰਤਰੀ ਮੰਡਲ 'ਚ ਸ਼ਾਮਲ ਨਹੀਂ ਕੀਤਾ ਜਾਵੇਗਾ।

ਸੂਤਰਾਂ ਦਾ ਕਹਿਣਾ ਹੈ ਕਿ ਜਨਰਲ ਵੀ.ਕੇ. ਸਿੰਘ, ਜੋ ਭਾਜਪਾ 'ਚ ਸ਼ਾਮਲ ਹੋਣ ਤੋਂ ਪਹਿਲਾਂ ਜ਼ਮੀਨੀ ਫੌਜ ਦੇ ਮੁਖੀ ਸਨ, ਨੂੰ ਕਿਸੇ ਸੂਬੇ ਦਾ ਰਾਜਪਾਲ ਜਾਂ ਕੇਂਦਰ ਸ਼ਾਸਿਤ ਸੂਬੇ ਦਾ ਉਪ ਰਾਜਪਾਲ ਨਿਯੁਕਤ ਕੀਤਾ ਜਾ ਸਕਦਾ ਹੈ।

ਕੁਝ ਲੋਕਾਂ ਦਾ ਕਹਿਣਾ ਹੈ ਕਿ ਉਹ ਜੰਮੂ-ਕਸ਼ਮੀਰ ਦਾ ਲੈਫਟੀਨੈਂਟ ਗਵਰਨਰ ਬਣ ਸਕਦੇ ਹਨ ਜਿੱਥੇ ਇਸ ਖੇਤਰ ਦਾ ਅਮਲੀ ਤਜਰਬਾ ਰੱਖਣ ਵਾਲੇ ਵਿਅਕਤੀ ਦੀ ਲੋੜ ਹੈ। ਜੰਮੂ-ਕਸ਼ਮੀਰ ਦੀਆਂ ਆਮ ਚੋਣਾਂ ਪਿੱਛੋਂ ਮੌਜੂਦਾ ਉਪ ਰਾਜਪਾਲ ਮਨੋਜ ਸਿਨ੍ਹਾ ਨੂੰ ਭਾਜਪਾ ਦੀ ਮੁੱਖ ਧਾਰਾ 'ਚ ਵਾਪਸ ਲਿਆਉਣ ਦੀ ਸੰਭਾਵਨਾ ਹੈ। ਮਨੋਜ ਸਿਨ੍ਹਾ 2019 'ਚ ਗਾਜ਼ੀਪੁਰ ਸੀਟ ਤੋਂ ਬਸਪਾ ਦੇ ਉਮੀਦਵਾਰ ਅਫਜ਼ਲ ਅੰਸਾਰੀ ਹੱਥੋਂ ਹਾਰ ਗਏ ਸਨ। ਅਫਜ਼ਲ ਅੰਸਾਰੀ ਮਾਰੇ ਗਏ ਮਾਫੀਆ ਡਾਨ ਮੁਖਤਾਰ ਅੰਸਾਰੀ ਦਾ ਭਰਾ ਹੈ।

ਜਨਰਲ ਵੀ. ਕੇ. ਸਿੰਘ ਕੋਲ ਹਾਲਾਤ ਨਾਲ ਨਜਿੱਠਣ ਦਾ ਵਿਸ਼ਾਲ ਤਜਰਬਾ ਹੈ। ਉਹ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦੇ ਚਹੇਤੇ ਮਨੋਜ ਸਿਨ੍ਹਾ ਦੀ ਥਾਂ ਲੈਣ ਲਈ ਸਹੀ ਵਿਅਕਤੀ ਹਨ। ਵੀ. ਕੇ. ਸਿੰਘ ਦਾ ਕੇਂਦਰੀ ਮੰਤਰੀ ਵਜੋਂ 10 ਸਾਲਾਂ ਤੋਂ ਵੱਧ ਦਾ ਤਜਰਬਾ ਰੱਖਿਆ ਖੇਤਰ 'ਚ ਉਨ੍ਹਾਂ ਦੇ ਪੁਰਾਣੇ ਤਜਰਬੇ ਨੂੰ ਮਿਲਾ ਕੇ ਹੋਰ ਵੀ ਸਾਰਥਕ ਬਣ ਗਿਆ ਹੈ।

ਕੇਂਦਰੀ ਮੰਤਰੀ ਅਸ਼ਵਿਨੀ ਚੌਬੇ ਦੀ ਉਮਰ 72 ਸਾਲ ਤੋਂ ਵੱਧ ਹੈ । ਉਹ ਭਾਜਪਾ ਦੇ ਉਨ੍ਹਾਂ 3 ਸੰਸਦ ਮੈਂਬਰਾਂ 'ਚ ਸ਼ਾਮਲ ਹਨ, ਜਿਨ੍ਹਾਂ ਨੂੰ ਇਸ ਵਾਰ ਬਿਹਾਰ ਤੋਂ ਲੋਕ ਸਭਾ ਦੀ ਟਿਕਟ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ ਹੈ। ਭਾਗਲਪੁਰ ਤੋਂ 5 ਵਾਰ ਵਿਧਾਇਕ ਚੁਣੇ ਜਾਣ ਪਿੱਛੋਂ ਉਨ੍ਹਾਂ 2014 ਤੇ 2019 'ਚ ਲੋਕ ਸਭਾ ਵਿਚ ਬਕਸਰ ਦੀ ਪ੍ਰਤੀਨਿਧਤਾ ਕੀਤੀ।

ਪ੍ਰਧਾਨ ਮੰਤਰੀ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਹਨ। ਜਦੋਂ ਮੋਦੀ ਇੱਕ ਰੈਲੀ ਨੂੰ ਸੰਬੋਧਨ ਕਰਨ ਲਈ ਬਕਸਰ ਆਏ ਤਾਂ ਉਹ ਪ੍ਰਧਾਨ ਮੰਤਰੀ ਦੇ ਕੋਲ ਬੈਠ ਗਏ। ਸੂਤਰਾਂ ਦਾ ਕਹਿਣਾ ਹੈ ਕਿ 4 ਜੂਨ ਤੋਂ ਬਾਅਦ ਨਵੀਂ ਸਰਕਾਰ ਦੇ ਗਠਨ ਪਿੱਛੋਂ ਮੋਦੀ ਉਨ੍ਹਾਂ ਨੂੰ ਗਵਰਨਰ ਬਣਾ ਸਕਦੇ ਹਨ।

ਵੰਦੇ ਭਾਰਤ ਟਰੇਨਾਂ ਦੇ ਯਾਤਰੀਆਂ ਲਈ ਵੱਡੀ ਖ਼ਬਰ

ਯਾਤਰੀਆਂ ਨੂੰ ਹੁਣ ਮਿਲੇਗੀ ਅੱਧੇ ਲੀਟਰ ਪਾਣੀ ਦੀ ਬੋਤਲ, ਬਰਬਾਦੀ ਰੋਕਣ ਲਈ ਕੀਤਾ ਫ਼ੈਸਲਾ

ਨਵੀਂ ਦਿੱਲੀ , 25 ਅਪ੍ਰੈਲ (ਪ੍ਰਤੀਨਿਧੀ) : ਰੇਲਵੇ ਨੇ ਸਾਰੀਆਂ ਵੰਦੇ ਭਾਰਤ ਟਰੇਨਾਂ ਵਿਚ ਹਰੇਕ ਯਾਤਰੀ ਨੂੰ ਅੱਧਾ ਲੀਟਰ ਦੀ ਇੱਕ ਰੇਲ ਨੀਰ ਪੈਕਡ ਡਰਿੰਕਿੰਗ ਵਾਟਰ (PDW) ਬੋਤਲ ਮੁਹੱਈਆ ਕਰਵਾਉਣ ਦਾ ਫੈਸਲਾ ਕੀਤਾ ਹੈ। ਉੱਤਰੀ ਰੇਲਵੇ ਦੇ ਅਧਿਕਾਰੀਆਂ ਮੁਤਾਬਕ ਹੁਣ ਤੱਕ ਇਕ ਲੀਟਰ ਪਾਣੀ ਦਿੱਤਾ ਜਾ ਰਿਹਾ ਸੀ ਅਤੇ ਦੇਖਣ ਵਿਚ ਆਉਂਦਾ ਸੀ ਕਿ ਯਾਤਰੀ ਬਚਿਆ ਪਾਣੀ ਛੱਡ ਕੇ ਚਲੇ ਜਾਂਦੇ ਸਨ, ਜਿਸ ਕਾਰਨ ਪਾਣੀ ਦੀ ਬਰਬਾਦੀ ਹੋ ਰਹੀ ਸੀ। ਇਸ ਤੋਂ ਬਾਅਦ ਹੀ ਰੇਲਵੇ ਨੇ ਫੈਸਲਾ ਕੀਤਾ ਕਿ ਪੀਣ ਵਾਲੇ ਕੀਮਤੀ ਪਾਣੀ ਨੂੰ ਬਰਬਾਦੀ ਤੋਂ ਬਚਾਇਆ ਜਾਵੇ। ਰੇਲਵੇ ਵੱਲੋਂ ਸਾਰੀਆਂ ਵੰਦੇ ਭਾਰਤ ਟਰੇਨਾਂ ਵਿਚ ਹਰੇਕ 500 ਯਾਤਰੀ ਨੂੰ ਮਿਲੀਲੀਟਰ ਦੀ ਇਕ ਹੋਰ ਰੇਲ ਨੀਰ ਪੈਕਡ ਡਰਿੰਕਿੰਗ ਵਾਟਰ PDW ਦੀ ਬੋਤਲ ਦਿੱਤੀ ਜਾਵੇਗੀ। ਜੇਕਰ ਯਾਤਰੀ ਚਾਹੁਣ ਤਾਂ ਉਨ੍ਹਾਂ ਦੀ ਮੰਗ 'ਤੇ ਬਿਨਾਂ ਕਿਸੇ ਵਾਧੂ ਚਾਰਜ ਦੇ 500 ਮਿਲੀਲੀਟਰ ਦੀ ਇੱਕ ਹੋਰ ਰੇਲ ਨੀਰ PDW ਦੀ ਬੋਤਲ ਦਿੱਤੀ ਜਾਵੇਗੀ। ਹਾਲਾਂਕਿ ਦੇਸ਼ ਵਿਚ ਸ਼ਤਾਬਦੀ ਐਕਸਪ੍ਰੈਸ ਟਰੇਨਾਂ ਵਿੱਚ ਅੱਧਾ ਲੀਟਰ ਪਾਣੀ ਦੀਆਂ ਬੋਤਲਾਂ ਦੇਣ ਦੀ ਵਿਵਸਥਾ ਪਹਿਲਾਂ ਹੀ ਮੌਜੂਦ ਹੈ, ਪਰ ਵੰਦੇ ਭਾਰਤ ਅਤੇ ਸ਼ਤਾਬਦੀ ਟਰੇਨਾਂ ਦੇ ਸੰਚਾਲਨ ਦੇ ਸਮੇਂ ਵਿੱਚ ਅੰਤਰ ਹੈ। ਕਈ ਵੰਦੇ ਭਾਰਤ ਟਰੇਨਾਂ ਨੂੰ ਸਫ਼ਰ ਕਰਨ ਵਿੱਚ ਘੱਟੋ-ਘੱਟ 8 ਘੰਟੇ ਲੱਗਦੇ ਹਨ ਅਤੇ ਇਸ ਦੌਰਾਨ ਅੱਧਾ ਲੀਟਰ ਪਾਣੀ ਦੀ ਖਪਤ ਹੋ ਸਕਦੀ ਹੈ। ਭਾਵੇਂ ਰੇਲਵੇ ਯਾਤਰੀ 1 ਲੀਟਰ ਦੀ ਬੋਤਲ ਤੋਂ ਪੂਰਾ ਪਾਣੀ ਪੀਣ ਦੇ ਯੋਗ ਨਹੀਂ ਹਨ, ਜਦੋਂ ਉਨ੍ਹਾਂ ਨੂੰ 500 ਮਿਲੀਲੀਟਰ ਪਾਣੀ ਮਿਲਦਾ ਹੈ ਤਾਂ ਉਨ੍ਹਾਂ ਨੂੰ ਇਹ ਵੀ ਸੂਚਿਤ ਕੀਤਾ ਜਾਣਾ ਚਾਹੀਦਾ ਹੈ ਕਿ ਜੇਕਰ ਉਹ ਅੱਧਾ ਲੀਟਰ ਪਾਣੀ ਲੈਣਾ ਚਾਹੁੰਦੇ ਹਨ ਤਾਂ ਉਹ ਵੰਦੇ ਭਾਰਤ ਰੇਲ ਗੱਡੀਆਂ ਵਿੱਚ ਜਾ ਸਕਦੇ ਹਨ। ਇਹ ਮੁਫ਼ਤ ਦਿੱਤਾ ਜਾਵੇਗਾ।

ਦੱਸ ਦੇਈਏ ਕਿ ਦਿੱਲੀ ਤੋਂ ਵਾਰਾਣਸੀ, ਕਟੜਾ, ਊਨਾ, ਚੰਡੀਗੜ੍ਹ, ਲਖਨਊ, ਭੋਪਾਲ, ਦੇਹਰਾਦੂਨ ਸਮੇਤ ਕਰੀਬ 7 ਵੰਦੇ ਭਾਰਤ ਐਕਸਪ੍ਰੈਸ ਟਰੇਨਾਂ ਚੱਲ ਰਹੀਆਂ ਹਨ।

ਡੀ.ਆਰ.ਡੀ.ਓ. ਨੇ ਬਣਾਈ ਦੇਸ਼ ਦੀ ਸਭ ਤੋਂ ਹਲਕੀ 'ਬੁਲੇਟ ਪਰੂਫ ਜੈਕੇਟ'

ਏ.ਕੇ. -47 ਦੀ ਗੋਲੀ ਸਹਿ ਲਵੇਗੀ ਇਹ ਸਵਦੇਸ਼ੀ ਜੈਕਟ

ਨਵੀਂ ਦਿੱਲੀ, 25 ਅਪ੍ਰੈਲ (ਪ੍ਰਤੀਨਿਧੀ) : ਭਾਰਤ ਰੱਖਿਆ ਖੇਤਰ ਵਿਚ ਲਗਾਤਾਰ ਨਵੀਆਂ ਉਚਾਈਆਂ ਨੂੰ ਛੂਹ ਰਿਹਾ ਹੈ। 'ਆਤਮ-ਨਿਰਭਰ ਭਾਰਤ' ਦੇ ਸੁਪਨੇ ਨੂੰ ਪੂਰਾ ਕਰਨ ਦੇ ਯਤਨਾਂ ਵਿੱਚ ਲਗਾਤਾਰ ਸਫਲਤਾ ਪ੍ਰਾਪਤ ਕੀਤੀ ਜਾ ਰਹੀ ਹੈ। ਦੇਸ਼ ਦੀ ਸੁਰੱਖਿਆ ਲਈ ਆਪਣੀ ਜਾਨ ਖ਼ਤਰੇ ਵਿੱਚ ਪਾਉਣ ਵਾਲੇ ਫੌਜੀਆਂ ਲਈ ਹੁਣ ਰੱਖਿਆ ਖੋਜ ਅਤੇ ਵਿਕਾਸ ਸੰਗਠਨ (ਡੀ.ਆਰ.ਡੀ.ਓ.) ਨੇ ਨਵਾਂ ਅਧਿਆਏ ਲਿਖਿਆ ਹੈ। ਡੀ.ਆਰ.ਡੀ.ਓ. ਨੇ ਦੇਸ਼ ਦੀ ਸਭ ਤੋਂ ਹਲਕੀ ਬੁਲੇਟ ਪਰੂਫ਼ ਜੈਕੇਟ ਬਣਾਈ ਹੈ।ਇਹ ਜਾਣਕਾਰੀ ਇੱਕ ਅਧਿਕਾਰਤ ਬਿਆਨ ਵਿਚ ਦਿਤੀ ਗਈ। ਰੱਖਿਆ ਮੰਤਰਾਲੇ ਵੱਲੋਂ ਜਾਰੀ ਬਿਆਨ 'ਚ ਕਿਹਾ ਗਿਆ ਹੈ ਕਿ ਇਹ ਜੈਕੇਟ ਨਵੀਂ ਡਿਜ਼ਾਈਨ ਪਹੁੰਚ 'ਤੇ ਆਧਾਰਿਤ ਹੈ, ਜਿਥੇ ਨਵੀਂ ਪ੍ਰਕਿਰਿਆ ਦੇ ਨਾਲ ਆਧੁਨਿਕ ਨਿਰਮਾਣ ਸਮੱਗਰੀ ਦੀ ਵਰਤੋਂ ਕੀਤੀ ਗਈ ਹੈ। ਦੱਸਿਆ ਗਿਆ ਕਿ ਹਾਲ ਹੀ ਵਿਚ ਇਸ ਜੈਕੇਟ ਦਾ ਚੰਡੀਗੜ੍ਹ ਸਥਿਤ 'ਟਰਮੀਨਲ ਬੈਲਿਸਟਿਕ ਰਿਸਰਚ ਲੈਬਾਰਟਰੀ' (ਟੀ.ਬੀ.ਆਰ.ਐਲ.) ਵਿੱਚ ਸਫ਼ਲਤਾਪੂਰਵਕ ਪ੍ਰੀਖਣ ਕੀਤਾ ਗਿਆ।

ਇਹ ਬੁਲੇਟਪਰੂਫ ਜੈਕੇਟ 7.62 X ED R API ਬਾਰੂਦ ਤੋਂ ਸੁਰੱਖਿਆ ਪ੍ਰਦਾਨ ਕਰਨ ਦੇ ਸਮਰੱਥ ਹੈ। ਇਹ ਸਵਦੇਸ਼ੀ ਜੈਕਟ ਏ.ਕੇ. -47 ਦੀ ਗੋਲੀ ਵੀ ਸਹਿ ਲਵੇਗੀ। ਡੀ.ਆਰ.ਡੀ.ਓ. ਦੀ ਜਾਂਚ ਤੋਂ ਪਤਾ ਲੱਗਾ ਹੈ ਕਿ ਇਸ ਜੈਕੇਟ 'ਤੇ ਇਕ ਤੋਂ ਬਾਅਦ ਇਕ 6 ਸ਼ਾਟਸ ਦਾ ਕੋਈ ਅਸਰ ਨਹੀਂ ਹੈ। ਖਾਸ ਗੱਲ ਇਹ ਹੈ ਕਿ ਨਵੀਂ ਬੁਲੇਟ ਪਰੂਫ ਜੈਕਟਾਂ ਬਹੁਤ ਹੀ ਹਲਕੇ ਹਨ ਅਤੇ ਇਨ੍ਹਾਂ ਨੂੰ ਇਸ ਤਰ੍ਹਾਂ ਡਿਜ਼ਾਈਨ ਕੀਤਾ ਗਿਆ ਹੈ ਕਿ ਸੁਰੱਖਿਆ ਬਲਾਂ ਲਈ ਇਨ੍ਹਾਂ ਨੂੰ ਪਹਿਨਣਾ ਆਸਾਨ ਹੋਵੇਗਾ।

ਹਸਪਤਾਲ ਦਾ ਬਿੱਲ ਨਾ ਦੇ ਸਕਣ 'ਤੇ ਹਸਪਤਾਲ ਮਾਲਕ ਨੇ ਮਾਸੂਮ ਦਾ ਢਾਈ ਲੱਖ ਰੁਪਏ 'ਚ ਕੀਤਾ ਸੌਦਾ

ਪੁਲਿਸ ਨੇ ਬੱਚਾ ਬਰਾਮਦ ਕਰ ਕੇ ਤਿੰਨ ਲੋਕਾਂ ਨੂੰ ਹਿਰਾਸਤ 'ਚ ਲਿਆ

ਫ਼ਿਰੋਜ਼ਾਬਾਦ, 25 ਅਪ੍ਰੈਲ (ਪ੍ਰਤੀਨਿਧੀ) : ਉੱਤਰ ਪ੍ਰਦੇਸ਼ ਦੇ ਫ਼ਿਰੋਜ਼ਾਬਾਦ ਤੋਂ ਦਿਲ ਨੂੰ ਦਹਿਲਾ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇਥੇ ਮਾਪਿਆਂ ਦੀ ਗ਼ਰੀਬੀ 'ਚ ਕਲੇਜੇ ਦਾ ਟੁਕੜਾ ਵਿਕ ਗਿਆ। ਸਿਰਫ਼ ਛੇ ਹਜ਼ਾਰ ਰੁਪਏ ਨਾ ਦੇ ਸਕਣ 'ਤੇ ਹਸਪਤਾਲ ਮਾਲਕ ਨੇ ਤਿੰਨ ਦਿਨਾਂ ਦੇ ਮਾਸੂਮ ਦਾ ਢਾਈ ਲੱਖ ਰੁਪਏ ਸੌਦਾ ਕਰ ਦਿੱਤਾ। ਮਾਪਿਆਂ ਤੋਂ ਬੱਚਾ ਖੋਹ ਕੇ ਗਵਾਲੀਅਰ ਦੇ ਬੇਔਲਾਦ ਸੁਨਿਆਰੇ ਦੇ ਦਿਤਾ।

ਮਾਲਕ ਨੇ ਪਿਤਾ ਨੂੰ 50 ਹਜ਼ਾਰ ਰੁਪਏ ਦਿਤੇ ਪਰ ਮਾਂ ਦੀ ਮਮਤਾ ਤੜਪ ਉੱਠੀ ਤਾਂ ਮਾਮਲਾ ਪੁਲਿਸ ਤੱਕ ਪੁੱਜ ਗਿਆ। ਪੁਲਿਸ ਨੇ ਮਾਮਲੇ ਤੇ ਕਾਰਵਾਈ ਕਰਦਿਆਂ ਬੱਚਾ ਬਰਾਮਦ ਕਰ ਲਿਆ ਤੇ ਤਿੰਨ ਲੋਕਾਂ ਨੂੰ ਹਿਰਾਸਤ 'ਚ ਲਿਆ। ਧਰਮਿੰਦਰ ਕੁਮਾਰ ਬਘੇਲ ਦੀ ਪਤਨੀ ਦਾਮਿਨੀ ਨੇ 18 ਅਪ੍ਰੈਲ ਨੂੰ ਪੁੱਤਰ ਨੂੰ ਜਨਮ ਦਿਤਾ ਸੀ। ਉਸੇ ਰਾਤ ਬੱਚੇ ਦੀ ਸਿਹਤ ਖ਼ਰਾਬ ਹੋਣ 'ਤੇ ਉਸ ਨੂੰ ਨਿੱਜੀ ਹਸਪਤਾਲ 'ਚ ਦਾਖ਼ਲ ਕਰਵਾਇਆ ਗਿ

ਅਰੁਣਾਚਲ ਪ੍ਰਦੇਸ਼ 'ਚ ਰਾਸ਼ਟਰੀ ਰਾਜਮਾਰਗ-313 ਦਾ ਹਿੱਸਾ ਢਹਿਆ

ਚੀਨ ਦੀ ਸਰਹੱਦ ਨੇੜੇ ਦਿਬਾਂਗ ਘਾਟੀ ਨਾਲ ਟੁੱਟਿਆ ਸੰਪਰਕ

ਈਟਾਨਗਰ, 25 ਅਪ੍ਰੈਲ (ਪ੍ਰਤੀਨਿਧੀ): ਅਰੁਣਾਚਲ ਪ੍ਰਦੇਸ਼ ਦੀ ਦਿਬਾਂਗ ਘਾਟੀ 'ਚ ਜ਼ਮੀਨ ਖਿਸਕਣ ਕਾਰਨ ਨੈਸ਼ਨਲ ਹਾਈਵੇ-313 ਦਾ ਵੱਡਾ ਹਿੱਸਾ ਢਹਿ ਗਿਆ ਹੈ। ਚੀਨ ਦੀ ਸਰਹੱਦ ਨਾਲ ਲੱਗਦੀ ਦਿਬਾਂਗ ਘਾਟੀ ਜ਼ਿਲ੍ਹੇ ਦਾ ਪੂਰੇ ਦੇਸ਼ ਨਾਲੋਂ ਸੰਪਰਕ ਟੁੱਟ ਗਿਆ। ਦਿਬਾਂਗ ਵੈਲੀ ਜ਼ਿਲ੍ਹਾ ਪ੍ਰਸ਼ਾਸਨ ਮੁਤਾਬਕ ਬੁੱਧਵਾਰ ਨੂੰ ਹਾਈਵੇਅ 'ਤੇ ਢਿੱਗਾਂ ਡਿੱਗ ਗਈਆਂ। ਅਧਿਕਾਰੀਆਂ ਮੁਤਾਬਕ ਲੈਂਡ ਸਲਾਈਡ ਦੇ ਢਹਿ-ਢੇਰੀ ਹਿੱਸੇ ਨੂੰ ਬਣਾਉਣ 'ਚ ਘੱਟੋ-ਘੱਟ 3 ਦਿਨ ਲੱਗਣਗੇ। ਦਿਬਾਂਗ ਘਾਟੀ 'ਚ ਕਈ ਦਿਨਾਂ ਤੋਂ ਲਗਾਤਾਰ ਮੀਂਹ ਕਾਰਨ ਲੈਂਡ ਸਲਾਈਡ ਹੋਇਆ ਹੈ। ਰਾਸ਼ਟਰੀ ਰਾਜਮਾਰਗ 313 ਦਿਬਾਂਗ ਘਾਟੀ ਨੂੰ ਦੇਸ਼ ਦੇ ਬਾਕੀ ਹਿੱਸਿਆਂ ਨਾਲ ਜੋੜਦਾ ਹੈ।

ਅਰੁਣਾਚਲ ਪ੍ਰਦੇਸ਼ ਦੇ ਮੁੱਖ ਮੰਤਰੀ ਪੇਮਾ ਖਾਂਡੂ ਨੇ ਦਸਿਆ ਕਿ ਦਿਬਾਂਗ ਘਾਟੀ 'ਚ ਜ਼ਮੀਨ ਖਿਸਕਣ ਦੀ ਖਬਰ ਮਿਲੀ ਹੈ। ਦਿਬਾਂਗ ਘਾਟੀ ਹਾਈਵੇਅ-313 ਰਾਹੀਂ ਹੀ ਪੂਰੇ ਦੇਸ਼ ਨਾਲ ਜੁੜੀ ਹੋਈ ਹੈ। ਅਸੀਂ ਅਧਿਕਾਰੀਆਂ ਨੂੰ ਤੁਰੰਤ ਸੰਪਰਕ ਸਥਾਪਤ ਕਰਨ ਦੇ ਨਿਰਦੇਸ਼ ਦਿਤੇ ਹਨ। ਅਧਿਕਾਰੀਆਂ ਮੁਤਾਬਕ ਦਿਬਾਂਗ ਘਾਟੀ 'ਚ ਪਿਛਲੇ ਕਈ ਦਿਨਾਂ ਤੋਂ ਭਾਰੀ ਮੀਂਹ ਪੈ ਰਿਹਾ ਹੈ। ਹੁੰਲੀ ਅਤੇ ਅਨੀਨੀ ਵਿਚਕਾਰ ਹਾਈਵੇਅ 313 ਦਾ ਵੱਡਾ ਹਿੱਸਾ ਜ਼ਮੀਨੀ ਸਲਾਈਡ ਨਾਲ ਢਹਿ ਗਿਆ ਹੈ। ਹਾਈਵੇਅ ਦੀ ਮੁਰੰਮਤ ਲਈ ਟੀਮ ਭੇਜੀ ਗਈ ਹੈ।

ਅਧਿਕਾਰੀਆਂ ਨੇ ਕਿਹਾ ਕਿ ਇਸ ਸਮੇਂ ਭੋਜਨ ਅਤੇ ਹੋਰ ਜ਼ਰੂਰੀ ਵਸਤਾਂ ਦੀ ਕੋਈ ਕਮੀ ਨਹੀਂ ਹੈ। ©8-33 ਨੂੰ ਦਿਬਾਂਗ ਘਾਟੀ ਦੇ ਨਿਵਾਸੀਆਂ ਅਤੇ ਫੌਜ ਲਈ ਜੀਵਨ ਰੇਖਾ ਮੰਨਿਆ ਜਾਂਦਾ ਹੈ। ਦਿਬਾਂਗ ਘਾਟੀ ਦੇ ਵਸਨੀਕਾਂ ਨੂੰ ਵੀ ਘਟਨਾ ਦੀ ਸੂਚਨਾ ਦੇ ਦਿਤੀ ਗਈ ਹੈ। ਉਨ੍ਹਾਂ ਨੂੰ ਇਹ ਵੀ ਦਸਿਆ ਗਿਆ ਹੈ ਕਿ ਹਾਈਵੇਅ ਦੇ ਨਿਰਮਾਣ ਵਿਚ ਘੱਟੋ-ਘੱਟ 3 ਦਿਨ ਲੱਗਣਗੇ। ਸਾਰੇ ਵਸਨੀਕਾਂ ਨੂੰ ਹਾਈਵੇਅ 'ਤੇ ਉਸਾਰੀ ਦਾ ਕੰਮ ਮੁਕੰਮਲ ਹੋਣ ਅਤੇ ਬਾਰਸ਼ ਦੇ ਆਮ ਹੋਣ ਤਕ ਸਾਵਧਾਨੀ ਵਰਤਣ ਲਈ ਕਿਹਾ ਗਿਆ ਹੈ।

ਸੰਜੇ ਸਿੰਘ ਨੇ ਪ੍ਰਧਾਨ ਮੰਤਰੀ ਮੋਦੀ ਨੂੰ ਲਿਖੀ ਚਿੱਠੀ, ਕੇਜਰੀਵਾਲ ਨੂੰ ਲੈ ਕੇ ਪੀ.ਐਮ.ਓ. ਤੇ ਐਲ.ਜੀ. 'ਤੇ ਲਾਏ ਦੋਸ਼

ਨਵੀਂ ਦਿੱਲੀ, 25 ਅਪ੍ਰੈਲ (ਪ੍ਰਤੀਨਿਧੀ): 'ਆਪ' ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਚਿੱਠੀ ਲਿਖੀ ਹੈ। ਸੰਜੇ ਸਿੰਘ ਨੇ ਪੀਐਮਓ ਅਤੇ ਐਲਜੀ 'ਤੇ ਸੀਸੀਟੀਵੀ ਦੇ ਜ਼ਰੀਏ 24 ਘੰਟੇ ਮੁੱਖ ਮੰਤਰੀ ਕੇਜਰੀਵਾਲ ਦੀ ਨਿਗਰਾਨੀ ਕਰਨ ਦਾ ਦੋਸ਼ ਲਗਾਇਆ ਹੈ। 'ਆਪ' ਸਾਂਸਦ ਨੇ ਲਿਖਿਆ, 'ਮੈਂ ਤੁਹਾਨੂੰ ਦੱਸਣਾ ਚਾਹੁੰਦਾ ਹਾਂ ਕਿ ਦਿੱਲੀ ਦੇ ਚੁਣੇ ਹੋਏ ਮੁੱਖ ਮੰਤਰੀ ਦੇ ਨਾਲ ਪਿਛਲੇ ਕੁਝ ਦਿਨਾਂ 'ਚ ਜੋ ਕੁਝ ਹੋ ਰਿਹਾ ਹੈ, ਉਹ ਬੇਹੱਦ ਦੁਖਦ ਹੈ। ਪੂਰੇ ਦਿੱਲੀ ਦੇ ਲੋਕ ਡੂੰਘੇ ਦੁੱਖ ਵਿਚ ਹਨ। ਤਿਹਾੜ ਜੇਲ੍ਹ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਲਈ ਤਸੀਹੇ ਦੀ ਕੋਠੀ ਬਣ ਗਈ ਹੈ। ਭਰੋਸੇਯੋਗ ਸੂਤਰਾਂ ਤੋਂ ਪਤਾ ਲੱਗਾ ਹੈ ਕਿ ਐਲ.ਜੀ ਦਫ਼ਤਰ ਵੱਲੋਂ ਸੀ.ਸੀ.ਟੀ.ਵੀ ਕੈਮਰਿਆਂ ਰਾਹੀਂ ਕੇਜਰੀਵਾਲ ਜੀ ਦੀ 24 ਘੰਟੇ ਨਿਗਰਾਨੀ ਕੀਤੀ ਜਾ ਰਹੀ ਹੈ।

ਇਹ ਦੇਖਿਆ ਜਾ ਰਿਹਾ ਹੈ ਕਿ ਉਹ ਜੇਲ੍ਹ ਵਿਚ ਕੀ ਕਰਦੇ ਹਨ। ਕੀ ਪੜ੍ਹ ਰਹੇ ਹਨ ਅਤੇ ਕੀ ਲਿਖ ਰਹੇ ਹਨ? ਕੇਜਰੀਵਾਲ ਸੌਂਦੇ ਕਦੋਂ ਨੇ ਜਾਗਦੇ ਕਦੋਂ ਨੇ, ਉਨ੍ਹਾਂ ਦੀ ਹਰ ਗਤੀਵਿਧੀ 'ਤੇ ਨਜ਼ਰ ਰੱਖੀ ਜਾ ਰਹੀ ਹੈ ਜਿਵੇਂ ਕੋਈ ਵੱਡਾ ਜਾਸੂਸ ਉਨ੍ਹਾਂ ਦੀ ਜਾਸੂਸੀ ਕਰ ਰਿਹਾ ਹੋਵੇ। ਦਿਨ ਭਰ ਨਿਗਰਾਨੀ ਰੱਖਣ ਦੇ ਬਾਵਜੂਦ ਉਸ ਨੂੰ 23 ਦਿਨਾਂ ਤੋਂ ਇਨਸੁਲਿਨ ਨਹੀਂ ਦਿੱਤੀ ਗਈ। ਉਸ ਦਾ ਸ਼ੂਗਰ ਲੈਵਲ ਖ਼ਰਾਬ ਹੋਣ ਦੇ ਬਾਵਜੂਦ ਉਹਨਾਂ ਨੂੰ ਇੰਸੁਲਿਨ ਨਹੀਂ ਦਿੱਤੀ ਗਈ।

ਸੰਜੇ ਸਿੰਘ ਨੇ ਲਿਖਿਆ ਕਿ 'ਤਿੰਨ ਵਾਰ ਚੁਣੇ ਗਏ ਮੁੱਖ ਮੰਤਰੀ ਨਾਲ ਕਿਉਂ ਅਣਮਨੁੱਖੀ ਸਲੂਕ ਕੀਤਾ ਜਾ ਰਿਹਾ ਹੈ?' ਆਖ਼ਰ ਦਿੱਲੀ ਦੇ ਮੁੱਖ ਮੰਤਰੀ ਕੇਜਰੀਵਾਲ ਜੀ ਦਾ ਕੀ ਗੁਨਾਹ ਹੈ? ਯਾਨੀ ਦਿੱਲੀ ਦੇ ਗਰੀਬ ਬੱਚਿਆਂ ਨੂੰ ਚੰਗੀ ਸਿੱਖਿਆ ਦਿੱਤੀ, ਪੂਰੀ ਦਿੱਲੀ ਦਾ ਚੰਗਾ ਇਲਾਜ ਕੀਤਾ, ਬਿਜਲੀ-ਪਾਣੀ ਮੁਫ਼ਤ ਕੀਤਾ, ਮਾਵਾਂ-ਭੈਣਾਂ ਨੂੰ 1000 ਰੁਪਏ ਮਹੀਨਾ ਦੇਣ ਦੀ ਸਕੀਮ ਲਿਆਂਦੀ, ਸ਼ਰਵਣ ਕੁਮਾਰ ਬਣ ਕੇ ਬਜ਼ੁਰਗ ਬਣਾਇਆ।

ਮਾਵਾਂ-ਭੈਣਾਂ ਮੁਫ਼ਤ ਵਿਚ ਤੀਰਥ ਯਾਤਰਾ 'ਤੇ ਜਾਂਦੀਆਂ ਹਨ, ਕੀ ਇਹ ਸਭ ਗੁਨਾਹ ਹੈ? ਕੀ ਬਿਜਲੀ, ਪਾਣੀ, ਸਿੱਖਿਆ ਅਤੇ ਦਵਾਈਆਂ ਦਾ ਧਿਆਨ ਰੱਖਣਾ ਉਨ੍ਹਾਂ ਦਾ ਅਪਰਾਧ ਬਣ ਗਿਆ ਹੈ? ਉਨ੍ਹਾਂ ਲਿਖਿਆ ਕਿ 'ਤੁਸੀਂ ਲੋਕ ਅਰਵਿੰਦ ਕੇਜਰੀਵਾਲ ਜੀ ਨੂੰ 24 ਘੰਟੇ ਸੀ.ਸੀ.ਟੀ.ਵੀ. 'ਤੇ ਕਿਉਂ ਦੇਖਣਾ ਚਾਹੁੰਦੇ ਹੋ? ਉਹ ਬਾਥਰੂਮ ਤੋਂ ਲੈ ਕੇ ਖਾਣੇ ਤੱਕ ਹਰ ਚੀਜ਼ ਦੀ ਨਿਗਰਾਨੀ ਕਰ ਰਹੇ ਹਨ। ਕੀ ਤੁਸੀਂ ਦੇਖਣਾ ਚਾਹੁੰਦੇ ਹੋ ਕਿ ਕੇਜਰੀਵਾਲ ਜੀ ਕਿੰਨੇ ਬੀਮਾਰ ਹੋਏ ਅਤੇ ਕੇਜਰੀਵਾਲ ਜੀ ਦਾ ਮਨੋਬਲ ਕਿੰਨਾ ਡਿੱਗਿਆ? ਉਹਨਾਂ ਦੀ ਪੂਰੀ ਮਸ਼ੀਨਰੀ ਇਸ ਗੱਲ 'ਤੇ ਨਜ਼ਰ ਰੱਖਦੀ ਹੈ ਕਿ ਕੀ ਕੇਜਰੀਵਾਲ ਨੂੰ ਦਵਾਈਆਂ ਨਹੀਂ ਮਿਲ ਰਹੀਆਂ ਅਤੇ ਇਨਸੁਲਿਨ ਤੋਂ ਬਿਨਾਂ ਉਹ ਕਿੰਨਾ ਤੜਫ ਰਹੇ ਹਨ। ਇੰਸੁਲੀਨ ਬੰਦ ਕਰਨ ਨਾਲ ਕੇਜਰੀਵਾਲ ਦੇ ਗੁਰਦਿਆਂ ਨੂੰ ਕਿੰਨਾ ਨੁਕਸਾਨ ਹੋਇਆ?

ਉਹਨਾਂ ਦੇ ਜਿਗਰ ਨੂੰ ਕਿੰਨਾ ਨੁਕਸਾਨ ਹੋਇਆ ਸੀ? ਪੂਰੀ ਦਿੱਲੀ ਨੂੰ ਮੁਫਤ ਦਵਾਈਆਂ ਦੇਣ ਵਾਲੇ ਅਰਵਿੰਦ ਕੇਜਰੀਵਾਲ ਨੂੰ ਆਪਣੀ ਜਾਨ ਬਚਾਉਣ ਵਾਲੀ ਦਵਾਈ ਇਨਸੁਲਿਨ ਲੈਣ ਲਈ ਅਦਾਲਤ ਵਿਚ ਜਾਣਾ ਪਿਆ ਹੈ। ਇਹ ਕਿੰਨੀ ਮੰਦਭਾਗੀ ਗੱਲ ਹੈ। ਉਹਨਾਂ ਦਾ ਸੁਪਨਾ ਪੂਰੇ ਦੇਸ਼ ਨੂੰ ਮੁਫਤ ਅਤੇ ਬਿਹਤਰ ਇਲਾਜ ਮੁਹੱਈਆ ਕਰਵਾਉਣਾ ਹੈ। ਕੀ ਇਹ ਸੁਪਨੇ ਤੁਹਾਡੇ ਡਰ ਦਾ ਕਾਰਨ ਹਨ?'

ਇਸ ਦੇ ਨਾਲ ਹੀ ਦੱਸ ਦਈਏ ਕਿ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਕੈਦੀਆਂ ਵਿਚਾਲੇ ਝੜਪ ਹੋ ਗਈ। ਕੈਦੀਆਂ ਨੇ ਇਕ ਦੂਜੇ 'ਤੇ ਸੂਈਆਂ ਨਾਲ ਹਮਲਾ ਕਰ ਦਿੱਤਾ, ਜਿਸ 'ਚ ਚਾਰ ਕੈਦੀ ਜ਼ਖਮੀ ਹੋ ਗਏ। ਇਸ ਘਟਨਾ ਤੋਂ ਬਾਅਦ ਆਮ ਆਦਮੀ ਪਾਰਟੀ ਨੇ ਇੱਕ ਵਾਰ ਫਿਰ ਕਿਹਾ ਹੈ ਕਿ ਤਿਹਾੜ ਜੇਲ੍ਹ ਵਿਚ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਜਾਨ ਨੂੰ ਖ਼ਤਰਾ ਹੈ। ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੇ ਸਿੰਘ ਨੇ ਕਿਹਾ ਹੈ ਕਿ ਇਹ ਲੋਕ ਅਰਵਿੰਦ ਕੇਜਰੀਵਾਲ ਨਾਲ ਵੀ ਅਜਿਹੀ ਘਟਨਾ ਨੂੰ ਅੰਜਾਮ ਦੇ ਸਕਦੇ ਹਨ।

'ਆਪ' ਸੰਸਦ ਮੈਂਬਰ ਸੰਜੇ ਸਿੰਘ ਨੇ ਕਿਹਾ ਕਿ ਇਹ ਲੋਕ (ਭਾਜਪਾ) ਅਰਵਿੰਦ ਕੇਜਰੀਵਾਲ ਦੀ ਜ਼ਿੰਦਗੀ ਨਾਲ ਖੇਡ ਰਹੇ ਹਨ। ਜਦੋਂ ਤਿਹਾੜ ਜੇਲ੍ਹ ਵਿਚ ਇੱਕ ਨਹੀਂ ਸਗੋਂ ਕਈ ਕਤਲ ਕਾਂਡ ਹੋ ਚੁੱਕੇ ਹਨ ਤਾਂ ਇਹ ਲੋਕ ਅਰਵਿੰਦ ਕੇਜਰੀਵਾਲ ਨਾਲ ਵੀ ਅਜਿਹੀ ਘਟਨਾ ਨੂੰ ਅੰਜਾਮ ਦੇ ਸਕਦੇ ਹਨ। ਸੀਸੀਟੀਵੀ ਰਾਹੀਂ 24 ਘੰਟੇ ਨਿਗਰਾਨੀ ਰੱਖੀ ਜਾਂਦੀ ਹੈ। ਉਸ ਵਿਰੁੱਧ ਡੂੰਘੀ ਸਾਜ਼ਿਸ਼ ਚੱਲ ਰਹੀ ਹੈ। ਤੁਸੀਂ (ਭਾਜਪਾ) 23 ਦਿਨ ਉਸ (ਅਰਵਿੰਦ ਕੇਜਰੀਵਾਲ) ਦੀ ਜ਼ਿੰਦਗੀ ਨਾਲ ਖੇਡਦੇ ਰਹੇ। ਤੁਸੀਂ ਉਹਨਾਂ ਨੂੰ ਇਨਸੁਲਿਨ ਨਹੀਂ ਦਿੱਤੀ।

ਸੰਜੇ ਸਿੰਘ ਨੇ ਕਿਹਾ ਕਿ ਭਾਜਪਾ ਦਾ ਜੇਲ੍ਹ ਪ੍ਰਸ਼ਾਸਨ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਨੁਕਸਾਨ ਪਹੁੰਚਾਉਣ ਦੀ ਸਾਜ਼ਿਸ਼ ਰਚ ਰਿਹਾ ਹੈ। ਉਨ੍ਹਾਂ ਨਾਲ ਅਤਿਵਾਦੀਆਂ ਵਾਂਗ ਵਿਵਹਾਰ ਕੀਤਾ ਜਾ ਰਿਹਾ ਹੈ। ਉਨ੍ਹਾਂ ਦੀਆਂ ਮੀਟਿੰਗਾਂ ਡਰੇ ਹੋਏ ਅਪਰਾਧੀਆਂ ਵਾਂਗ ਕੱਚ ਦੀ ਕੰਧ ਖੜ੍ਹੀ ਕਰਕੇ ਕਰਵਾਈਆਂ ਜਾ ਰਹੀਆਂ ਹਨ। ਪਿਛਲੇ 1-2 ਸਾਲਾਂ ਵਿਚ ਤਿਹਾੜ ਜੇਲ੍ਹ ਵਿਚ ਕਈ ਕਤਲ ਹੋ ਚੁੱਕੇ ਹਨ। ਅਜਿਹੇ 'ਚ ਜੇਕਰ ਉੱਥੇ ਸੀਐੱਮ ਕੇਜਰੀਵਾਲ ਨੂੰ ਕੁਝ ਹੋ ਜਾਂਦਾ ਹੈ ਤਾਂ ਇਸ ਦਾ ਜ਼ਿੰਮੇਵਾਰ ਕੌਣ ਹੋਵੇਗਾ? ਜੇਲ੍ਹ 'ਚ ਅਰਵਿੰਦ ਕੇਜਰੀਵਾਲ ਜੀ ਨੂੰ ਕੁਝ ਹੋਇਆ ਤਾਂ ਇਹ ਲੋਕ ਚਿਹਰੇ ਬਣਾ ਕੇ ਕੈਮਰੇ 'ਤੇ ਆਉਣਗੇ।

ਜੈ ਦੇਹਦਰਾਏ ਨੇ ਮਹੂਆ ਮੋਇਤਰਾ ਖਿਲਾਫ਼ ਕੀਤਾ ਮਾਣਹਾਨੀ ਦਾ ਕੇਸ ਵਾਪਸ ਲਿਆ

ਨਵੀਂ ਦਿੱਲੀ , 25 ਅਪ੍ਰੈਲ (ਪ੍ਰਤੀਨਿਧੀ) : ਵਕੀਲ ਜੈ ਅਨੰਤ ਦੇਹਦਰਾਏ ਨੇ ਵੀਰਵਾਰ ਨੂੰ ਦਿੱਲੀ ਹਾਈ ਕੋਰਟ 'ਚ ਆਪਣੇ ਸਾਬਕਾ ਸਹਿਯੋਗੀ ਤ੍ਰਿਣਮੂਲ ਕਾਂਗਰਸ (ਟੀ.ਐੱਮ.ਸੀ.) ਨੇਤਾ ਮਹੂਆ ਮੋਇਤਰਾ ਖਿਲਾਫ਼ ਮਾਣਹਾਨੀ ਦਾ ਕੇਸ ਵਾਪਸ ਲੈ ਲਿਆ। ਦੇਹਦਰਾਈ ਨੇ ਪਿਛਲੇ ਸਾਲ ਮੋਇਤਰਾ 'ਤੇ ਸੰਸਦ 'ਚ ਸਵਾਲ ਪੁੱਛਣ ਲਈ ਕਾਰੋਬਾਰੀ ਅਤੇ ਹੀਰਾਨੰਦਾਨੀ ਸਮੂਹ ਦੇ ਸੀਈਓ ਦਰਸ਼ਨ ਹੀਰਾਨੰਦਾਨੀ ਤੋਂ ਰਿਸ਼ਵਤ ਲੈਣ ਦਾ ਦੋਸ਼ ਲਾਇਆ ਸੀ, ਜਿਸ ਤੋਂ ਬਾਅਦ ਉਨ੍ਹਾਂ ਨੂੰ 8 ਦਸੰਬਰ ਨੂੰ ਲੋਕ ਸਭਾ ਤੋਂ ਕੱਢ ਦਿੱਤਾ ਗਿਆ ਸੀ।

ਇਸ ਵਿਵਾਦ ਤੋਂ ਬਾਅਦ ਮਹੂਆ ਨੇ ਦੇਹਦਰਾਏ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸੰਸਦ ਮੈਂਬਰ ਨਿਸ਼ੀਕਾਂਤ ਦੂਬੇ ਖਿਲਾਫ਼ ਉਸ ਦੇ ਖਿਲਾਫ਼ ਕੋਈ ਵੀ 'ਜਾਅਲੀ' ਅਤੇ 'ਬਦਨਾਮ' ਸਮੱਗਰੀ ਪੋਸਟ ਕਰਨ, ਪ੍ਰਸਾਰਿਤ ਕਰਨ ਜਾਂ ਪ੍ਰਕਾਸ਼ਿਤ ਕਰਨ ਤੋਂ ਰੋਕਣ ਲਈ ਮਾਮਲਾ ਦਰਜ ਕਰਵਾਇਆ ਸੀ। ਇਸ ਸਾਲ ਦੀ ਸ਼ੁਰੂਆਤ 'ਚ ਦੇਹਦਰਾਏ ਨੇ ਸਾਬਕਾ ਸੰਸਦ ਮੈਂਬਰ ਤੋਂ 2 ਕਰੋੜ ਰੁਪਏ ਦੇ ਮੁਆਵਜ਼ੇ ਦੀ ਮੰਗ ਕਰਦਿਆਂ ਮੌਜੂਦਾ ਮੁਕੱਦਮਾ ਵੀ ਦਾਇਰ ਕੀਤਾ ਸੀ। ਇਸ ਵਿਚ ਦਾਅਵਾ ਕੀਤਾ ਗਿਆ ਸੀ ਕਿ ਸਾਬਕਾ ਸੰਸਦ ਮੈਂਬਰ ਨੇ ਕੇਂਦਰੀ ਜਾਂਚ ਬਿਊਰੋ (ਸੀ.ਬੀ.ਆਈ.) ਕੋਲ ਸ਼ਿਕਾਇਤ ਤੋਂ ਬਾਅਦ ਮੋਇਤਰਾ ਵਿਰੁੱਧ ਝੂਠੇ, ਬੇਬੁਨਿਆਦ ਅਤੇ ਬਦਨਾਮ ਕਰਨ ਵਾਲੇ ਬਿਆਨ ਦੇਣ ਦੀ ਮੁਹਿੰਮ ਸ਼ੁਰੂ ਕੀਤੀ ਸੀ।

ਦੇਹਦਰਾਏ ਦੇ ਵਕੀਲ ਨੇ ਵੀਰਵਾਰ ਨੂੰ ਕਿਹਾ ਸੀ ਕਿ ਜੇਕਰ ਮੋਇਤਰਾ ਝੂਠਾ ਬਿਆਨ ਨਾ ਦੇਣ ਦਾ ਵਾਅਦਾ ਕਰਕੇ ਤਣਾਅ ਘਟਾਉਣ ਲਈ ਤਿਆਰ ਹੈ ਤਾਂ ਮੌਜੂਦਾ ਕੇਸ ਨੂੰ ਬੰਦ ਕੀਤਾ ਜਾ ਸਕਦਾ ਹੈ। ਜਸਟਿਸ ਪ੍ਰਤੀਕ ਜਾਲਾਨ ਨੇ ਕਿਹਾ ਕਿ ਨਿਆਂਇਕ ਸਮਾਂ ਉਨ੍ਹਾਂ ਵਿਵਾਦਾਂ 'ਤੇ ਬਰਬਾਦ ਨਹੀਂ ਕੀਤਾ ਜਾਣਾ ਚਾਹੀਦਾ ਜੋ ਧਿਰਾਂ ਵਿਚਾਲੇ ਸੁਲਝਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਦੋਵੇਂ ਪੱਖ ਇਸ ਨੂੰ ਮਾਨਤਾ ਦਿੰਦੇ ਹਨ ਤਾਂ ਇਹ ਸਵਾਗਤਯੋਗ ਕਦਮ ਹੈ।

ਅਦਾਲਤ 'ਚ ਮੌਜੂਦ ਦੇਹਦਰਾਏ ਨੇ ਕਿਹਾ ਕਿ ਉਹ ਬਿਨਾਂ ਸ਼ਰਤ ਕੇਸ ਵਾਪਸ ਲੈ ਲੈਣਗੇ। ਉਨ੍ਹਾਂ ਦੇ ਵਕੀਲ ਰਾਘਵ ਅਵਸਥੀ ਨੇ ਕਿਹਾ ਕਿ ਮੈਂ ਪਿੱਛੇ ਹਟਣ ਲਈ ਤਿਆਰ ਹਾਂ। ਮੈਂ ਇੱਕ ਸੁਲ੍ਹਾ ਸਮਝੌਤੇ ਵਜੋਂ ਪਿੱਛੇ ਹਟ ਜਾਵਾਂਗਾ।" ਅਦਾਲਤ ਨੇ ਦੇਹਦਰਾਏ ਨੂੰ ਪਟੀਸ਼ਨ ਵਾਪਸ ਲੈਣ ਦੀ ਆਗਿਆ ਦੇ ਦਿੱਤੀ। ਵਕੀਲ ਮੁਕੇਸ਼ ਸ਼ਰਮਾ ਰਾਹੀਂ ਦਾਇਰ ਪਟੀਸ਼ਨ 'ਚ ਦੇਹਦਰਾਏ ਨੇ ਕਿਹਾ ਸੀ ਕਿ ਮੋਇਤਰਾ ਦੇ ਬਿਆਨਾਂ ਨੇ ਦੋਸਤਾਂ, ਪਰਿਵਾਰ ਅਤੇ ਸਹਿਕਰਮੀਆਂ ਦੀਆਂ ਨਜ਼ਰਾਂ 'ਚ ਉਨ੍ਹਾਂ ਦੇ ਸਨਮਾਨ ਨੂੰ ਠੇਸ ਪਹੁੰਚਾਈ ਹੈ ਕਿਉਂਕਿ ਸਾਬਕਾ ਸੰਸਦ ਮੈਂਬਰ ਨੇ ਉਨ੍ਹਾਂ ਨੂੰ ਇਕ ਅਜਿਹੇ ਵਿਅਕਤੀ ਦੇ ਰੂਪ 'ਚ ਦਰਸਾਇਆ ਹੈ

ਜੋ ਇਕ ਅਸਫਲ ਨਿੱਜੀ ਰਿਸ਼ਤੇ ਕਾਰਨ ਕੁੜੱਤਣ ਨਾਲ ਭਰੀ ਹੋਈ ਹੈ ਅਤੇ ਹੁਣ ਬਦਲਾ ਲੈਣ ਲਈ ਝੂਠੀਆਂ ਸ਼ਿਕਾਇਤਾਂ ਦਰਜ ਕਰਵਾ ਰਹੀ ਹੈ। ਬੀਜੂ ਜਨਤਾ ਦਲ (ਬੀਜੇਡੀ) ਦੇ ਸੰਸਦ ਮੈਂਬਰ ਪਿਨਾਕੀ ਮਿਸ਼ਰਾ ਨੇ ਵੀ ਦੇਹਦਰਾਏ ਖਿਲਾਫ ਉਨ੍ਹਾਂ ਦੀਆਂ ਕਥਿਤ ਅਪਮਾਨਜਨਕ ਪੋਸਟਾਂ ਅਤੇ ਬਿਆਨਾਂ ਨੂੰ ਲੈ ਕੇ ਮੁਕੱਦਮਾ ਦਾਇਰ ਕੀਤਾ ਹੈ।

ਕਿਸਾਨ ਦੇ ਪੁੱਤ ਨੇ ਜੇਈਈ ਮੇਨ ਵਿਚ ਕੀਤਾ ਟਾਪ, ਕੋਚਿੰਗ ਲੈਣ ਤੋਂ ਵੀ ਸੀ ਅਸਮਰੱਥ

ਨਵੀਂ ਦਿੱਲੀ, 25 ਅਪ੍ਰੈਲ (ਪ੍ਰਤੀਨਿਧੀ): ਮਹਾਰਾਸ਼ਟਰ ਦੇ ਗਜਰੇ ਨੀਲਕ੍ਰਿਸ਼ਨ ਨੇ ਜੇਈਈ ਮੇਨ ਵਿਚ ਪਹਿਲਾ ਸਥਾਨ ਹਾਸਲ ਕੀਤਾ ਹੈ। ਉਸ ਨੇ ਆਲ ਇੰਡੀਆ ਵਿਚ ਪਹਿਲਾ ਰੈਂਕ ਹਾਸਲ ਕੀਤਾ ਹੈ। ਜੇਈਈ ਮੇਨ ਸੈਸ਼ਨ 2 ਵਿਚ ਕੁੱਲ 56 ਵਿਦਿਆਰਥੀਆਂ ਨੇ 100 ਪ੍ਰਤੀਸ਼ਤ ਅੰਕ ਪ੍ਰਾਪਤ ਕੀਤੇ ਹਨ। ਮਹਾਰਾਸ਼ਟਰ ਦੇ ਸੰਜੇ ਮਿਸ਼ਰਾ ਦੂਜੇ ਸਥਾਨ 'ਤੇ ਹਨ, ਜਦਕਿ ਹਰਿਆਣਾ ਦੇ ਆਰਵ ਭੱਟ ਨੇ ਤੀਜਾ ਸਥਾਨ ਹਾਸਲ ਕੀਤਾ ਹੈ। ਰਾਜਸਥਾਨ ਦੇ ਆਦਿਤਿਆ ਕੁਮਾਰ ਨੇ ਚੌਥਾ ਅਤੇ ਹੁੰਡੇਕਰ ਵਿਦਿਤ ਨੇ ਪੰਜਵਾਂ ਸਥਾਨ ਹਾਸਲ ਕੀਤਾ ਹੈ।

ਨੀਲਕ੍ਰਿਸ਼ਨ ਇੱਕ ਕਿਸਾਨ ਪਰਿਵਾਰ ਦਾ ਪੁੱਤ ਹੈ। ਉਸ ਨੇ ਅਕੋਲ ਜ਼ਿਲ੍ਹੇ ਦੇ ਪਿੰਡ ਬੇਲਖੇੜ ਵਿਚ ਚੌਥੀ ਜਮਾਤ ਤੱਕ ਪੜ੍ਹਾਈ ਕੀਤੀ। ਨੀਲ ਨੇ ਆਪਣੀ ਹਾਈ ਸਕੂਲ ਅਤੇ ਇੰਟਰਮੀਡੀਏਟ ਦੀ ਪੜ੍ਹਾਈ ਕਾਂਜਲਾਟੰਡਾ ਤੋਂ ਕੀਤੀ। ਨੀਲਕ੍ਰਿਸ਼ਨ ਦੇ ਪਿਤਾ ਨਿਰਮਲ ਕੁਮਾਰ, ਜੋ ਮਹਾਰਾਸ਼ਟਰ ਦੇ ਇੱਕ ਛੋਟੇ ਜਿਹੇ ਪਿੰਡ ਦੇ ਰਹਿਣ ਵਾਲੇ ਹਨ, ਇੱਕ ਕਿਸਾਨ ਹਨ। ਉਸ ਦੀ ਮਾਂ ਇੱਕ ਘਰੇਲੂ ਔਰਤ ਹੈ। ਨੀਲਕ੍ਰਿਸ਼ਨ ਆਰਥਿਕ ਤੰਗੀ ਕਾਰਨ ਕੋਚਿੰਗ ਲੈਣ ਤੋਂ ਅਸਮਰੱਥ ਸੀ। ਪਰ ਉਸ

ਚੰਗਾ ਨਹੀਂ ਹੁੰਦਾ...ਖ਼ੂਨ ਦਾ ਵਧੇਰੇ ਲਾਲ ਹੋਣਾ

ਡਾ. ਮਨਜੀਤ ਸਿੰਘ ਬੱਲ
98728-43491
balmanjit1953@yahoo.co.in

ਲਾਲਗੀ ਨਾਲ ਭਖਦੇ ਹੋਏ ਚਿਹਰੇ ਤੋਂ ਪਤਾ ਲਗ ਜਾਂਦਾ ਹੈ ਕਿ ਵਿਅਕਤੀ ਅੰਦਰ ਕਿੰਨਾ ਕੁ ਖ਼ੂਨ ਹੈ । ਖ਼ੂਨ ਦੇ ਲਾਲਸੈਲਾਂ ਵਿਚਲੇ ਰੰਗਦਾਰ ਪਦਾਰਥ 'ਹੀਮੋਗਲੋਬਿਨ' ਦੀ ਮਾਤਰਾ, ਉਮਰ ਅਤੇ ਲਿੰਗ ਦੇ ਹਿਸਾਬ ਨਾਲ, ਇਕ ਖ਼ਾਸ ਪੱਧਰ 'ਤੇ ਰਹਿੰਦੀ ਹੈ ਜਿਵੇਂ ਬਾਲਗ਼ ਮਰਦਾਂ ਵਿਚ 13.5 ਤੋਂ 16 ਗ੍ਰਾਮ ਪ੍ਰਤੀਸ਼ਤ ਤੇ ਔਰਤਾਂ ਵਿੱਚ 11 ਤੋਂ 14 ਗ੍ਰਾਮ ਪ੍ਰਤੀਸ਼ਤ । ਇਸਪੱਧਰ 'ਤੋਂ ਘੱਟ ਹੋਵੇ ਤੇ ਰੰਗ ਪੀਲਾ ਪਿਆ ਹੋਵੇ ਤਾਂ ਕਿਹਾ ਜਾਂਦਾ ਹੈ ਕਿ ਅਨੀਮੀਆਂ ਹੈ, ਖ਼ੂਨ ਦੀ ਕਮੀ ਜਾਂ ਪੀਲਾਪਣ ਹੀ ਅਨੀਮੀਆਂ ਹੈ ।

ਇਸ ਦੇ ਉਲਟ, ਕੁਝ ਸਥਿੱਤੀਆਂ ਐਸੀਆਂ ਵੀ ਉਤਪੰਨ ਹੋ ਸਕਦੀਆਂ / ਜਾਂਦੀਆਂ ਹਨ ਜਿਨ੍ਹਾਂ ਵਿਚ ਹੀਮੋਗਲੋਬਿਨਜਿਸ ਨੂੰ ਐਚ. ਬੀ. ਵੀ ਕਹਿ ਲਈਦਾ ਹੈ, ਸਧਾਰਣ ਨਾਲੋਂ ਵਧ ਜਾਂਦੀ ਹੈ । ਇਸ ਰੋਗ ਨੂੰ 'ਪੌਲੀਸਾਇਥੀਮੀਆਂ' ਆਖਦੇ ਹਨ ।ਹੀਮੋਗਲੋਬਿਨ ਦੀ ਮਾਤਰਾ 17 ਤੋਂ 21 ਗ੍ਰਾਮ ਪ੍ਰਤੀਸ਼ਤ ਤੱਕ ਹੋ ਸਕਦੀ ਹੈ, ਵਿਅਕਤੀ ਦਾ ਰੰਗ, ਜ਼ਰੂਰਤ ਤੋਂ ਜ਼ਿਆਦਾ ਲਾਲ ਦਿਖਾਈ ਦੇਂਦਾ ਹੈ । ਉਂਜ ਜੰਮਦੇ ਬੱਚੇ ਦੀ ਐਚ.ਬੀ., ਵੀ 18 ਤੋਂ 19 ਗ੍ਰਾਮ ਪ੍ਰਤੀਸ਼ਤ ਹੁੰਦੀ ਹੈ ਪਰ ਇਹ ਨਾਰਮਲ ਹੈ, ਜੋ ਜੋ ਕੁਝ ਹੀ ਦਿਨਾਂ 'ਚ ਘਟ ਜਾਂਦੀ ਹੈ ।

ਪੌਲੀਸਾਇਥੀਮੀਆਂ ਦੀਆਂ ਮੁੱਖ ਰੂਪ ਵਿਚ ਦੋ ਕਿਸਮਾਂ ਹਨ :

1. ਪ੍ਰਾਇਮਰੀ ਤੇ 2. ਸੈਕੰਡਰੀ ।

ਪਹਿਲਾਂ, ਸੈਕੰਡਰੀ ਕਿਸਮ ਦੀ ਗੱਲ ਕਰਦੇ ਹਾਂ । ਸੈਕੰਡਰੀ ਤੋਂ ਭਾਵ ਹੈ ਕਿ ਕਿਸੇ ਹੋਰ ਰੋਗ ਜਾਂ ਸਥਿੱਤੀ (ਜਿਸ ਬਾਰੇ ਮਰੀਜ਼ ਜਾਂ ਡਾਕਟਰ ਨੂੰ ਪਹਿਲਾਂ ਹੀ ਪਤਾ ਹੋਵੇ), ਕਰਕੇ ਹੀਮੋਗਲੋਬਿਨ ਦਾ ਲੈਵਲ ਵਧ ਹੋਣਾ । ਇਸ ਵਿੱਚ, ਨਾਰਮਲ ਨਾਲੋਂ ਵਧੇਰੇ ਲਾਲਗੀ ਪੈਦਾ ਹੋ ਜਾਂਦੀ ਹੈ ।

ਹੀਮੋਗਲੋਬਿਨ ਕੀ ਕੰਮ ਕਰਦੀ ਹੈ ?: ਸਾਹ ਲੈਣ ਨਾਲ ਅੰਦਰ ਖਿੱਚੀ ਗਈ ਆਕਸੀਜਨ ਨੂੰ ਫੇਫੜਿਆਂ ਚੋਂ ਚੁੱਕਣਾਂ ਤੇ ਖ਼ੂਨ ਦੇ ਦੌਰੇ ਰਾਹੀਂ ਹੀ ਸਾਰੇ ਸਰੀਰ ਦੇ ਸੈਲਾਂ ਤੱਕ ਪਹੁੰਚਾਉਣਾ। ਇਸੇ ਤਰ੍ਹਾਂ, ਕੰਮ ਕਰਕੇ ਥੱਕੇ-ਟੁੱਟੇ ਸੈਲਾਂ ਅਤੇ ਤੰਤੂਆਂ ਤੋਂ ਕਾਰਬਨ ਡਾਇਆਕਸਾਇਡ ਚੁੱਕਣਾ, ਉਸਨੂੰ ਫੇਫੜਿਆਂ ਤੱਕ ਪਹੁੰਚਾਉਣਾ ਤਾਂ ਜੋ ਸਾਹ ਨਾਲ ਬਾਹਰ ਕੱਢੀ ਜਾ ਸਕੇ ।

ਇਸ ਪਦਾਰਥ (ਹੀਮੋਗਲੋਬਿਨ) ਨੂੰ ਸਹੀ ਮਾਤਰਾ ਵਿੱਚ ਰੱਖਣ ਵਾਸਤੇ ਕੁਦਰਤ ਨੇ ਇਕ ਸਿਸਟਮ ਬਣਾਇਆ ਹੋਇਆ ਹੈ ।ਇਕ ਰਸ "ਇਰਿਥਰੋਪਾਇਟਿਨ", ਖ਼ੂਨ ਦੇ ਲਾਲ ਸੈਲਾਂ ਦੀ ਪੈਦਾਵਾਰ ਨੂੰ ਕੰਟਰੋਲ ਕਰਦਾ ਹੈ ਜੋ ਤੰਤੂਆਂ ਤੇ ਕੋਸ਼ਿਕਾਵਾਂ ਨੂੰ ਪਹੁੰਚਣ ਵਾਲੀ ਆਕਸੀਜਨ ਦੇ ਹਿਸਾਬ ਨਾਲ ਵਧਦਾ ਘਟਦਾ ਹੈ ।

ਜੇ ਹੀਮੋਗਲੋਬਿਨ ਦਾ ਲੈਵਲ ਘਟ ਜਾਵੇ ਤਾਂ ਤੰਤੂਆਂ ਤੱਕ ਆਕਸੀਜਨ ਘੱਟ ਪੁਜੇਗੀ, ਤੇ ਇਹ ਰਸ ਵਧੇਰੇ ਬਣਨ ਲਗੇਗਾ ਤਾਂ ਕਿ ਵੱਧ ਹੀਮੋਗਲੋਬਿਨ ਪੈਦਾ ਹੋ ਸਕੇ । ਤੇ ਜੇਕਰ ਐਚ. ਬੀ. ਵੱਧ ਹੋਵੇ ਤਾਂ ਆਕਸੀਜਨ ਵੱਧ ਪੁਜੇਗੀ ਤੇ ਇਸ ਰਸ ਦਾ ਲੈਵਲ ਘਟ ਜਾਵੇਗਾ । ਸੋ ਜਿੰਨ੍ਹਾਂ ਥਾਵਾਂ ਜਾਂ ਸਥਿਤੀਆਂ ਵਿੱਚ ਆਕਸੀਜਨ ਘਟ ਹੋਵੇ ਉਹਨਾਂ ਵਿਅਕਤੀਆਂ ਦੀ ਹੀਮੋਗਲੋਬਿਨ ਵੱਧ ਹੁੰਦੀ ਹੈ । ਇਸੇ ਕਰਕੇ ਉਚੇ ਪਹਾੜੀ ਖੇਤਰਾਂ / ਥਾਵਾਂ 'ਤੇ ਰਹਿਣ ਵਾਲਿਆਂ ਦਾ ਰੰਗ ਸੇਬ ਵਰਗਾ ਲਾਲ ਹੁੰਦਾ ਹੈ । ਮੈਦਾਨੀ ਇਲਾਕਿਆਂ ਦੀ ਬਨਿਸਪਤ, ਪਹਾੜਾਂ 'ਤੇ, ਜਿਵੇਂ ਕਸ਼ਮੀਰ ਤੇ ਸ਼ਿਮਲੇ ਵਿਚ, ਵਾਤਾਵਰਣ 'ਚ ਆਕਜੀਜਨ ਦੀ ਘਾਟ ਕਰਕੇ, ਉਥੋਂ ਦੇ ਵਾਲਿਆਂ ਦੇ ਰੰਗ ਲਾਲ ਹੁੰਦੇ ਹਨ, ਇਕ ਪੁਰਾਣਾ ਹਿੰਦੀ ਫਿਲਮੀ ਗਾਣਾ ਹੈ "ਗੋਰੀਏ...ਨਜ਼ਰ ਤੇਰੀ ਹੀਰੇ ਕੀ..., ਗਾਲੋਂ ਸੇਬ ਕਸ਼ਮੀਰੇ ਕੀ...।" ਸੋ ਕਹਿ ਸਕਦੇ ਹਾਂ ਉਹਨਾਂ ਨੂੰ ਸੈਕੰਡਰੀ ਪੌਲੀਸਾਇਥੀਮੀਆਂ ਹੁੰਦਾ ਹੈ।

ਕੁਝ ਬੀਮਾਰੀਆਂ ਵੀ ਹੁੰਦੀਆਂ ਹਨ ਜਿਹਨਾਂ ਵਿੱਚ ਤੰਤੂਆਂ ਨੂੰ ਘੱਟ ਆਕਸੀਜਨ ਪੁੱਜਦੀ ਹੈ ਜਿਵੇਂ ਦਿਲ ਦੀਆਂ ਕੁਝ ਜਮਾਂਦਰੂ ਤੇ ਕੁਝ ਜਨਮ ਤੋਂ ਬਾਅਦ ਹੋਣ ਵਾਲੀਆਂ ਬੀਮਾਰੀਆਂ । ਦਿਲ ਵਿਚ ਛੇਕ ਹੋਵੇ ਤਾਂ ਦਿਲ ਦੇ ਖੱਬੇ ਤੇ ਸੱਜੇ ਪਾਸੇ ਵਾਲਾ ਖ਼ੂਨ ਰਲ ਜਾਂਦਾ ਹੈ ਜਿਸ ਕਰਕੇ ਘੱਟ ਆਕਸੀਜਨ ਵਾਲਾ ਖ਼ੂਨ ਤੰਤੂਆਂ ਤੱਕ ਪੁੱਜਦਾ ਹੈ ।ਐਸੇ ਰੋਗੀ ਦਾ ਰੰਗ ਨੀਲਾ ਹੋਜਾਂਦਾ ਹੈ ਪਰ ਹੀਮੋਗਲੋਬਿਨ ਵੱਧ ਹੁੰਦੀ ਹੈ ਯਾਨੀ ਕਿ ਪੌਲੀਸਾਇਥੀਮੀਆਂ ਹੁੰਦਾ ਹੈ ।ਜਨਮ ਤੋਂ ਬਾਅਦ, ਦਿਲ ਦੇ ਵਾਲ਼ ਦੀ ਇਕ ਬੀਮਾਰੀ ਜਿਸ ਨੂੰ 'ਮਾਇਟਰਲ ਸਟੀਨੋਸਿਸ' ਕਿਹਾ ਜਾਂਦਾ ਹੈ, ਵਿਚ ਵੀ ਆਕਸੀਜਨ ਦੀ ਕਮੀ ਰਹਿੰਦੀ ਹੈ ਤੇ ਪੌਲੀਸਾ-ਇਥੀਮੀਆਂ ਹੁੰਦਾ ਹੈ । ਇਸੇ ਤਰ੍ਹਾਂ ਫੇਫੜੇ ਦੇ ਪੁਰਾਣੇ ਰੋਗਾਂ /ਦਮੇਂ ਦੇ ਮਰੀਜ਼ਾਂ, ਜਿੰਨ੍ਹਾਂ ਨੂੰ ਸਾਹ ਦੀ ਸਮੱਸਿਆ ਹੋਵੇ, ਵਿਚ ਘੱਟ ਆਕਸੀਜਨ ਕਾਰਣ, ਵਧੇਰੇ ਇਰਿਥਰੋਪਾਇਟਿਨ, ਤੇ ਨਤੀਜੇ ਵਜੋਂ ਵੱਧ ਹੀਮੋਗਲੋਬਿਨ ਅਰਥਾਤ ਪੌਲੀਸਾਇਥੀਮੀਆਂ ਹੁੰਦਾ ਹੈ ।

ਇਰਿਥਰੋਪਾਇਟਿਨ ਮੁੱਖ ਰੂਪ ਵਿਚ ਗੁਰਦਿਆਂ ਵਿੱਚ ਬਣਦੀ ਹੈ । ਸੋ ਗੁਰਦਾ-ਰੋਗ ਵਿਚ ਇਸ ਦੀ ਪੈਦਾਵਾਰ ਘਟਣ ਨਾਲ ਹੀਮੋਗਲੋਬਿਨ ਘਟ ਜਾਂਦੀ ਹੈ ਅਰਥਾਤ ਅਨੀਮੀਆਂ ਹੁੰਦਾ ਹੈ ।ਇਹ ਹੈ ਸੈਕੰਡਰੀ ਪੌਲੀਸਾਇਥੀਮੀਆਂ । ਰੋਗੀ ਨੂੰ ਦਮਾਂ, ਦਿਲ ਦਾ ਰੋਗ ਆਦਿ ਹੁੰਦਾ ਹੈ ਜਿਸ ਦੇ ਲੱਛਣ / ਜਾਂ ਰੋਗ ਬਾਰੇ ਮਰੀਜ਼ ਤੇ ਉਹਦੇ ਡਾਕਟਰ ਨੂੰ ਪਤਾ ਹੁੰਦਾ ਹੈ । ਇਸੇ ਤਰ੍ਹਾਂ ਉਚੇ ਇਲਾਕਿਆਂ ਦੇ ਨਿਵਾਸੀ ਨੂੰ ਪਤਾ ਲਗ ਜਾਂਦਾ ਹੈ ਕਿ ਉਸ ਦੀ ਹੀਮੋਗਲੋਬਿਨ ਵੱਧ ਹੈ ।

ਪ੍ਰਾਇਮਰੀ ਪੌਲੀਸਾਇਥੀਮੀਆਂ ਨੂੰ 'ਪੌਲੀਸਾਇਥੀਮੀਆਂ ਵੈਰਾ' ਵੀ ਕਿਹਾ ਜਾਂਦਾ ਹੈ । ਇਹ ਕਿਸਮ ਇਸ ਕਰਕੇ ਪ੍ਰਾਇਮਰੀ ਹੈ ਕਿਉਂਕਿ ਇਸ ਦੇ ਕਾਰਣ ਦਾ ਪਤਾ ਨਹੀਂ ਲਗਦਾ । ਚੁੱਪ-ਚਪੀਤੇ, ਹੀਮੋਗਲੋਬਿਨ ਵਧ ਜਾਂਦੀ ਹੈ । ਇਸ ਵਿੱਚਇਕੱਲੇ ਲਾਲ ਸੈਲ ਹੀ ਨਹੀਂ ਵਧਦੇ ਸਗੋਂ ਖ਼ੂਨ ਦਾ ਚਿੱਟੇ ਸੈਲ ਤੇ ਪਲੇਟਲੈਟਸ ਦੀ ਗਿਣਤੀ ਵੀ ਵਧ ਜਾਂਦੀ ਹੈ । ਖ਼ੂਨ ਦੇ ਸੈਲ ਬਨਾਉਣ ਵਾਲੇ ਕਾਰਖਾਨੇ ਅਰਥਾਤ ਹੱਡੀਆਂ ਦੀ ਮਿੱਝ ਜਾਂ ਬੋਨ ਮੈਰੋ ਵਿਚ ਇਹਨਾਂ ਸੈਲਾਂ ਦੇ ਪੁਰਖਿਆਂ (ਸਟੈਮ ਸੈਲ) ਵਿੱਚ ਐਸੀ ਤਬਦੀਲੀ ਆਉਂਦੀ ਹੈ ਕਿ ਸਾਰੇ ਸੈਲ ਤੇਜ਼ ਗਤੀ ਨਾਲ ਵਧਣ ਲਗਦੇ ਹਨ । ਲਾਲ ਸੈਲ, ਨਾਰਮਲ ਗਿਣਤੀ (ਸਾਢੇ 4 ਤੋਂ ਸਾਢੇ 5 ਮਿਲੀਅਨ ਸੈਲ/ ਕਿਊਬਿਕ ਮਿਲੀਮੀਟਰ) ਤੋਂ ਦੁਗਣੇਂ ਜਾਂ ਵਧੇਰੇ ਹੋ ਜਾਂਦੇ ਹਨ। ਸੈਲਾਂ ਦੀ ਗਿਣਤੀ ਤਾਂ ਵਧ ਜਾਂਦੀਹੈ ਪਰ ਤਰਲ ਜਾਂ ਪਲਾਜ਼ਮਾ, ਉਸੇ ਮਾਤਰਾ ਵਿਚ ਰਹਿੰਦਾ ਹੈ । ਸੋ ਖ਼ੂਨ ਬਹੁਤ ਸੰਘਣਾ ਹੋ ਜਾਂਦਾ ਹੈ ਜਿਸ ਨਾਲ ਸਾਰੇ ਸਰੀਰ ਦੀਆਂ ਲਹੂ-ਨਾੜੀਆਂ ਭਰੀਆਂ ਤੇ ਫੁੱਲੀਆਂ ਹੋਈਆਂ ਦਿਖਦੀਆਂ ਹਨ । ਖ਼ੂਨ ਦੇ ਵਹਾ ਦੀ ਗਤੀ ਘਟ ਜਾਂਦੀ ਹੈ ਜਿਸ ਨਾਲ ਨਾੜੀਆਂ ਦੇ ਅੰਦਰ ਹੀ ਖ਼ੂਨ ਜੰਮ ਸਕਦਾ/ਜਾਂਦਾ ਹੈ । ਵਧ ਗਿਣਤੀ ਵਾਲੇ ਪਲੇਟਲੈਟਸ ਖ਼ੂਨ ਜੰਮਣ ਵਿਚ ਸਹਾਈ ਹੁੰਦੇ ਹਨ। ਜ਼ਿਆਦਾ ਪ੍ਰੈਸ਼ਰ ਤੇ ਖ਼ੂਨ ਜੰਮਣ ਕਰਕੇ ਖ਼ੂਨ ਦੀ ਨਾੜੀ ਫਟ ਸਕਦੀ ਹੈ ਜੋ ਜਾਨ ਲੇਵਾ ਸਾਬਤ ਹੋ ਸਕਦੀ ਹੈ ।

ਪ੍ਰਾਇਮਰੀ ਪੌਲੀਸਾਇਥੀਮੀਆਂ ਭਾਵੇਂ ਕਿਸੇ ਵੀ ਉਮਰ ਵਿੱਚ ਹੋ ਸਕਦਾ ਹੈ, ਆਮ ਕਰਕੇ 40 ਤੋਂ 70 ਸਾਲ ਦੀ ਉਮਰ ਹੁੰਦਾ ਹੈ । ਔਰਤਾਂ ਨਾਲੋਂ ਵਧੇਰੇ ਮਰਦ, ਇਸ ਰੋਗ ਦੇ ਕਾਬੂ ਆਉਂਦੇ ਹਨ । ਇਹ ਰੋਗ, ਇਕ ਲੱਖ ਵਿਅਕਤੀਆਂ ਚੋਂ ਦੋ ਵਿਚ ਹੁੰਦਾ ਹੈ; ਹਬਸ਼ੀਆਂ ਵਿਚ ਘੱਟ ਪਰ ਯੂਰਪ ਮੂਲ ਦੇ 'ਜਿਊਜ਼' ਵਿਚ ਵਧੇਰੇ ਹੁੰਦਾ ਹੈ ।

ਲਛੱਣ : ਹੋ ਸਕਦੈ ਕਿ ਸ਼ੁਰੂ ਸ਼ੁਰੂ ਵਿਚ ਕੋਈ ਵੀ ਅਲਾਮਤ ਨਾ ਹੋਵੇ । ਖ਼ੂਨ ਦਾ ਵਧੇਰੇ ਸੰਘਣਾ ਹੋਣ, ਨਾੜੀਆਂ ਦੇ ਅੰਦਰ ਜੰਮਣ ਅਤੇ ਪ੍ਰੈਸ਼ਰ ਵਧੇਰੇ ਹੋਣ ਕਰਕੇ, ਲੱਛਣ ਉਤਪੰਨ ਹੁੰਦੇ ਹਨ । ਆਰੰਭ ਵਿਚ ਸਿਰ ਦਰਦ, ਸੁਸਤੀ, ਇਕਾਗਰਤਾਦੀ ਕਮੀ ਅਤੇ ਚਿੜਚਿੜਾਪਣ ਜਾਂ ਬੇਚੈਨੀ ਰਹਿੰਦੀ ਹੈ । ਸਿਰ-ਪੀੜ ਆਮ ਕਰਕੇ ਗਿੱਚੀ ਵਿਚ ਜਾਂ ਮੱਥੇ 'ਤੇ ਹੁੰਦਾ ਹੈ ਜੋ ਸਵੇਰੇ ਉਠਣ ਵੇਲੇ ਜਾਂ ਲੰਮੇ ਪੈਣ ਵੇਲੇ ਵਧੇਰੇ ਹੁੰਦਾ ਹੈ । ਰੋਗੀ ਦੀਆਂ ਅੱਖਾਂ ਲਾਲ ਤੇ ਬਰੰਟਿਆਂ ਵਰਗੀਆਂ ਹੁੰਦੀਆਂ ਹਨ । ਨਜ਼ਰ ਦੀ ਕਮਜ਼ੋਰੀ, ਜਾਂ ਆਰਜ਼ੀ ਅੰਨ੍ਹਾਂ-ਪਣ ਵੀ ਹੋ ਸਕਦੈ । ਖ਼ੂਨ ਜਮ੍ਹਾਂ ਹੋਣ ਕਰਕੇ, ਦਿਮਾਗ਼ ਦੀ ਨਾੜੀ ਫਟ ਸਕਦੀ ਹੈ ਜਿਸ ਨਾਲ ਪਾਸਾ ਮਾਰਿਆ ਜਾ ਸਕਦੈ ਜਾਂ ਮੌਤ ਵੀ ਹੋ ਸਕਦੀ ਹੈ ।

ਲੱਤਾਂ-ਬਾਹਵਾਂ ਦੀਆਂ ਨਾੜੀਆਂ ਅੰਦਰ ਸੰਘਣੇ ਖ਼ੂਨ ਦੀ ਘਟੀ ਹੋਈ ਗਤੀ ਕਰਕੇ, ਥਕਾਵਟ, ਦਰਦਾਂ, ਕਮਜ਼ੋਰੀ, ਆਮ ਹੀ ਰਹਿੰਦੇ ਹਨ । ਸਾਰੇ ਸਰੀਰ 'ਤੇ ਖ਼ਾਰਸ਼, ਰਹਿੰਦੀ ਹੈ ਜੋ ਪੈਰਾਂ ਤੇ ਹੱਥਾਂ ਦੀਆਂ ਹਥੇਲੀਆਂ 'ਤੇ ਵਧੇਰੇ ਹੁੰਦੀ ਹੈ ਤੇ ਗਰਮ ਪਾਣੀ ਨਾਲ ਹੋਰ ਵੀ ਵਧਦੀ ਹੈ । ਇਹਨਾਂ ਰੋਗੀਆਂ 'ਚੋਂ ਅੱਧਿਆਂ ਨੂੰ ਹਾਈ ਬਲੱਡ ਪ੍ਰੈਸ਼ਰ ਹੁੰਦਾ ਹੈ ਤੇ ਹੀਮੋਗਲੋਬਿਨ 17 ਤੋਂ 18.5 ਗ੍ਰਾਮ ਪ੍ਰਤੀਸ਼ਤ ਜਾਂ ਇਸ ਤੋਂ ਵੀ ਵੱਧ ਹੁੰਦੀ ਹੈ ।

ਇਲਾਜ ਵਜੋਂ, ਖ਼ੂਨ ਦਾ ਸੰਘਣਾ-ਪਣ ਤੇ ਪ੍ਰੈਸ਼ਰ ਘਟਾਉਣ ਲਈ ਖ਼ੂਨ-ਨਾੜੀ ਕੱਟ ਕੇ, ਹਫਤੇ ਵਿਚ ਇਕ ਜਾਂ ਦੋ ਵਾਰੀ ਲਹੂ ਕੱਢ ਦਿੱਤਾ ਜਾਂਦਾ ਹੈ । ਇਸ ਦੇ ਨਾਲ ਨਾਲ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਜੋ ਸੈਲਾਂ ਦੀ ਵਾਧੂ ਪੈਦਾਵਾਰ 'ਤੇ ਰੋਕ ਲਗਾ ਸੱਕਣ । ਕਈ ਮਰੀਜ਼...., ਵਿਚੋਂ ਕਈ ਮਹੀਨੇ ਠੀਕ ਰਹਿੰਦੇ ਹਨ ਪਰ ਫਿਰ ਤਕਲੀਫ਼ ਸ਼ੁਰੂ ਹੋ ਜਾਂਦੀ ਹੈ । ਕੇਸ ਲੰਮਾਂ ਹੋ ਜਾਏ ਤਾਂ ਮਿੱਝ (ਬੋਨ ਮੈਰੋ) ਪੂਰੀ ਤਰ੍ਹਾਂ ਹੱਡੀ ਵਾਂਗ ਬਣ ਜਾਂਦੀ ਹੈ, ਤਿੱਲੀ ਵੀ ਵੱਧ ਜਾਂਦੀ ਹੈ ਇਸ ਤੋਂ ਪਿੱਛੋਂ ਰੋਗੀ ਦੀ ਜ਼ਿੰਦਗੀ ਥੋੜ੍ਹੀ ਹੀ ਹੁੰਦੀ ਹੈ ।

ਸਾਬਕਾ ਪ੍ਰੋਫੈਸਰ ਤੇ ਮੁਖੀ, ਸਰਕਾਰੀ ਮੈਡੀਕਲ ਕਾਲਜ ਪਟਿਆਲਾ ।

ਗੁਣਕਾਰੀ ਫਲ-ਜਾਮਣ

ਜਾਮਣ ਇਕ ਅਜਿਹਾ ਫਲ ਹੈ ਜਿਹੜਾ ਮੌਸਮ ਅਨੁਸਾਰ ਸਾਰੇ ਭਾਰਤ ਵਿਚ ਮਿਲਦਾ ਹੈ ਜਾਮਣ ਨੂੰ ਹੋਰਨਾਂ ਫਲਾਂ ਦੇ ਮੁਕਾਬਲੇ ਘੱਟ ਵਰਤਿਆਂ ਜਾਂਦਾ ਹੈ ਪਰ ਸਿਹਤ ਤੇ ਤੰਦਰੁਸਤੀ ਦੇ ਹਿਸਾਬ ਨਾਲ ਜਾਮਣ ਇਕ ਗੁਣਕਾਰੀ ਫਲ ਹੈ ਪੇਟ ਦੇ ਰੋਗਾਂ ਲਈ ਤਾਂ ਜਾਮਣ ਨੂੰ ਬਹੁਤ ਹੀ ਗੁਣਕਾਰੀ ਮੰਨੀਆਂ ਜਾਂਦਾ ਹੈ।

ਜਾਮਣ ਦੇ ਦਰਖੱਤ ਅੰਬਾਂ ਦੇ ਦਰਖੱਤਾਂ ਵਾਂਗ ਹੀ ਵੱਡੇ-ਵੱਡੇ ਹੁੰਦੇ ਹਨ ਅਤੇ ਇਸ ਦੇ ਪੱਤੇ ਵੀ ਅੰਬ ਦੇ ਪੱਤਿਆਂ ਨਾਲ ਮਿਲਦੇ-ਜੁਲਦੇ ਹੁੰਦੇ ਹਨ ਜਾਮਣ ਦੀ ਵਰਤੋਂ ਬਾਕੀ ਫਲਾਂ ਦੇ ਮੁਕਾਬਲੇ ਘੱਟ ਕਿਉਂ ਕੀਤੀ ਜਾਂਦੀ ਹੈ ਇਸਦਾ ਇਕ ਕਾਰਨ ਇਹ ਵੀ ਹੋ ਸਕਦਾ ਹੈ ਕਿ ਇਸ ਦਾ ਸੁਆਦ ਕੁਝ ਕੁ ਮਿੱਠਾ ਪਰ ਕੁਝ ਕੁਸੈਲਾ ਹੁੰਦਾ ਹੈ ਅਤੇ ਜਾਮਣ ਖਾਣ ਨਾਲ ਜੀਭ ਦਾ ਰੰਗ ਕੁਝ ਚਿਰ ਲਈ ਜਾਮਣੀ ਹੋ ਜਾਦਾ ਹੈ।

ਜਾਮਣ ਦੇ ਫਲ ਦੀ ਤਾਸੀਰ ਠੰਢੀ ਹੁੰਦੀ ਹੈ ਜਾਮਣ ਖਾਣ ਨਾਲ ਖ਼ੂਨ ਦੀਆਂ ਕਈ ਬਿਮਾਰੀਆਂ ਜਿਵੇਂ ਕਿ ਖ਼ੂਨ ਦੀ ਖਰਾਬੀ ਕਾਰਨ ਹੁੰਦੀਆਂ ਫ਼ਿਸੀਆਂ ਤੇ ਫੋੜੇ ਠੀਕ ਹੋ ਜਾਂਦੇ ਹਨ। ਜਾਮਣ ਫਲ ਕਮਜ਼ੋਰੀ ਦੂਰ ਕਰਨ ਵਿਚ ਬਹੁਤ ਸਹਾਈ ਹੈ ਕਿਉਂਕਿ ਜਾਮਣ ਨਵਾਂ ਖ਼ੂਨ ਪੈਦਾ ਕਰਦਾ ਹੈ।

ਜਾਮਣ ਦੇ ਪੱਤਿਆਂ ਦੀ ਰਾਖ ਦਾ ਮੰਜਨ ਦੰਦਾਂ 'ਤੇ ਮਲਣ ਨਾਲ ਦੰਦ ਅਤੇ ਮਸੂੜੇ ਮਜ਼ਬੂਤ ਹੁੰਦੇ ਹਨ ਜਾਮਣ ਖਾਣ ਨਾਲ ਦਿਲ ਦੀ ਵਧੀ ਹੋਈ ਧੜਕਣ ਠੀਕ ਹੁੰਦੀ ਹੈ।

ਜਾਮਣ ਦੇ ਨਰਮ ਅਤੇ ਤਾਜ਼ੇ ਫਲਾਂ ਨੂੰ ਪਾਣੀ ਵਿਚ ਪੀਸ ਕੇ ਅਤੇ ਇਸ ਦੇ ਰਸ ਨੂੰ ਪਾਣੀ ਸਮੇਤ ਛਾਣ ਕੇ ਕੁਰਲੀਆਂ ਕਰਨ ਅਤੇ ਗਰਾਰੇ ਕਰਨ ਨਾਲ ਮੂੰਹ ਦੇ ਛਾਲਿਆਂ ਤੋਂ ਬਹੁਤ ਆਰਾਮ ਮਿਲਦਾ ਹੈ।

ਆਯੁਰਵੈਦ ਅਨੁਸਾਰ ਜਾਮਣ ਦੀ ਗਿਟਕ ਸ਼ੂਗਰ ਦੀ ਬਿਮਾਰੀ ਨੂੰ ਠੀਕ ਕਰਨ ਵਿਚ ਬਹੁਤ ਗੁਣਕਾਰੀ ਮੰਨੀ ਜਾਂਦੀ ਹੈ ਵਿਗਿਆਨੀਆਂ ਨੇ ਇਸ ਨੂੰ ਅਨੇਕਾਂ ਤਜਰਬਿਆਂ ਵਿਚ ਸਹੀ ਪਾਇਆ ਹੈ।

ਜਾਮਣ ਦੇ ਥੋੜ੍ਹੇ ਜਿਹੇ ਪੱਤੇ ਪਾਈਆ ਦੁੱਧ ਵਿਚ ਘੋਟ ਕੇ ਜਾਂ ਪੀਸ ਕੇ ਹਰ ਰੋਜ਼ ਸਵੇਰੇ ਖਾਣ ਨਾਲ ਖ਼ੂਨੀ ਬਵਾਸੀਰ ਤੋਂ ਆਰਾਮ ਮਿਲਦਾ ਹੈ ਅਤੇ ਖ਼ੂਨ ਡਿਗਣਾ ਬੰਦਾ ਹੋ ਜਾਂਦਾ ਹੈ। ਜਾਮਣ ਦਾ ਸਿਰਕਾ ਬਾਜ਼ਾਰ ਵਿਚ ਮਿਲ ਜਾਂਦਾ ਹੈ ਇਸ ਸਿਰਕੇ ਦਾ ਇਕ-ਇਕ ਚਮਚ ਸਵੇਰੇ-ਸ਼ਾਮ ਖਾਣੇ ਤੋਂ ਬਾਅਦ ਪੀਣ ਨਾਲ ਪੇਟ ਦੀਆਂ ਬਿਮਾਰੀਆਂ ਤੋਂ ਆਰਾਮ ਮਿਲਦਾ ਹੈ। ਜਾਮਣ ਨੂੰ ਨਮਕ ਲਗਾਉਣ ਨਾਲ ਇਸ ਦੇ ਦੋਸ਼ ਪੂਰਨ ਤੱਤ ਖ਼ਤਮ ਹੋ ਜਾਂਦੇ ਹਨ। ਬਰਸਾਤਾਂ ਦੇ ਮੌਸਮ ਵਿਚ ਆਮ ਹੀ ਸਰੀਰ ਤੇ ਪਿੱਤ ਦੇ ਦਾਣੇ ਜਿਹੇ ਨਿਕਲ ਆਉਂਦੇ ਹਨ- ਜਾਮਣ ਦੀਆਂ ਗਿਟਕਾਂ ਨੂੰ ਪਾਣੀ ਨਾਲ ਪੀਸ ਕੇ ਪਿੱਤ ਉਪਰ ਲਗਾਉਣ ਨਾਲ ਪਿੱਤ ਤੋਂ ਆਰਾਮ ਮਿਲਦਾ ਹੈ। ਜਾਮਣ ਸਿਰਫ ਫਲ ਦੇ ਰੂਪ ਵਿਚ ਹੀ ਨਹੀਂ ਸਗੋਂ ਇਸ ਦੇ ਪੱਤੇ ਅਤੇ ਲਕੜ ਵੀ ਬਹੁਤ ਗੁਣਕਾਰੀ ਹੈ। ਜਾਮਣ ਦੀ ਲੱਕੜ ਵੀ ਕਈ ਕੰਮਾਂ ਵਿਚ ਵਰਤੀ ਜਾਂਦੀ ਹੈ ਜਦ ਕਿ ਜਾਮਣ ਦੀ ਲੱਕੜ ਤੋਂ ਬਣੀਆਂ ਚੀਜ਼ਾਂ ਨੂੰ ਸਿਉਂਕ ਵੀ ਨਹੀਂ ਲੱਗਦੀ।

ਇਸ ਤਰ੍ਹਾਂ ਜੇਕਰ ਵੇਖਿਆ ਜਾਵੇ ਤਾਂ ਜਾਮਣ ਇਕ ਅਜਿਹਾ ਫਲਦਾਰ ਦਰੱਖਤ ਹੈ ਜਿਸ ਦੇ ਫਲ, ਪੱਤੇ ਅਤੇ ਲੱਕੜ ਭਾਵ ਹਰ ਹਿੱਸਾ ਬਹੁ

ਪੰਜਾਬੀ ਲੋਕ ਜੀਵਨ ਵਿੱਚ ਰਵਾਇਤੀ ਸਵਾਰੀ

ਮਨੁੱਖ ਲੰਮੀਆਂ ਵਾਟਾਂ ਤੈਅ ਕਰਦਾ ਆਇਆ ਹੈ। ਜਨਮ ਤੋਂ ਲੈ ਕੇ ਉਸ ਦੀ ਜ਼ਿੰਦਗੀ ਦੇ ਸਫ਼ਰ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ। ਮੰਜੇ 'ਤੇ ਪਿਆ ਬੱਚਾ ਉੱਪਰ-ਥੱਲੇ, ਅੱਗੇ-ਪਿੱਛੇ ਪੈਰ ਮਾਰਨੇ ਸ਼ੁਰੂ ਕਰ ਦਿੰਦਾ ਹੈ। ਬੈਠਦਾ ਹੈ, ਖੜ੍ਹਾ ਹੁੰਦਾ ਹੈ, ਕਦਮ ਪੁੱਟਦਾ ਹੈ ਤੇ ਹੌਲੀ ਹੌਲੀ ਉਸ ਦਾ ਤੁਰਨ-ਫਿਰਨ ਦਾ ਸਫ਼ਰ ਸ਼ੁਰੂ ਹੋ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿਚ ਜੀਵਨ ਦੇ ਸਫ਼ਰ, ਚਾਲ, ਹਰੇਕ ਮੋੜ, ਰੰਗ-ਢੰਗ, ਹਰੇਕ ਦੌਰ ਦੇ ਪੜਾਵਾਂ, ਚੰਗੇ-ਮਾੜੇ ਸਮੇਂ ਦੇ ਸਫ਼ਰ ਸਾਧਨਾਂ ਅਤੇ ਸਫ਼ਰ ਦੇ ਅਨੁਭਵ ਦਾ ਕਿਸੇ ਨਾ ਕਿਸੇ ਰੂਪ ਵਿਚ ਜ਼ਿਕਰ ਹੁੰਦਾ ਆਇਆ ਹੈ। ਪੈਦਲ ਤੁਰਦਿਆਂ ਸੈਂਕੜੇ ਕੋਹਾਂ ਦਾ ਪੈਂਡਾ ਕਰਦੇ ਰਹਿਣ ਤੋਂ ਲੈ ਕੇ ਮਨੁੱਖ ਊਠਾਂ-ਬੋਤਿਆਂ, ਘੋੜੇ-ਘੋੜੀਆਂ, ਗੱਡਿਆਂ, ਠੇਲ੍ਹਿਆਂ,ਟਾਂਗਿਆਂ, ਯੱਕਿਆਂ, ਬੱਘੀਆਂ, ਪਾਲਕੀਆਂ, ਰੱਥਾਂ ਆਦਿ ਦੀ ਸਵਾਰੀ ਕਰਦਾ ਆਇਆ ਹੈ। ਮਨੁੱਖ ਨੇ ਪੈਦਲ ਚੱਲਦਿਆਂ ਸਦੀਆਂ ਲੰਮਾ ਪੰਧ ਤੈਅ ਕੀਤਾ ਹੈ। ਪੰਜਾਬੀ ਲੋਕ ਗੀਤਾਂ ਵਿਚ ਲੰਮੇ ਪੈਂਡਿਆਂ 'ਤੇ ਪੈਦਲ ਤੁਰਨ ਦੀ ਗੱਲ ਹੁੰਦੀ ਆਈ ਹੈ:

ਸਹੁਰੇ ਪਿੰਡ ਦੀਆਂ ਲੰਮੀਆਂ ਵਾਟਾਂ ਹਾਏ
ਪੁਆੜਾ ਪੈ ਗਿਆ
ਯੱਕਾ ਤਾਂ ਭਾੜੇ ਕੋਈ ਨਾ ਕੀਤਾ,
ਮਾਹੀਆ ਪੈਦਲ ਲੈ ਗਿਆ
ਤੁਰਿਆ ਤੁਰਿਆ ਜਾਨੈਂ,ਜਰਾ ਪਿੱਛੇ ਵੀ ਝਾਕ ਵੇ
ਧੂੜ ਪੈਂਦੀ ਮੈਲੀ ਹੁੰਦੀ ਚਿੱਟੜੀ ਪੁਸ਼ਾਕ ਵੇ

ਫਿਰ ਬੋਤੇ ਦੀ ਸਵਾਰੀ ਕਰ ਕੇ ਦੂਰ-ਨੇੜੇ ਆਉਣ ਜਾਣ ਦੀ ਸਹੂਲਤ ਮਿਲ ਜਾਣ 'ਤੇ ਪੈਦਲ ਚੱਲਣ ਵਾਲਾ ਮਨੁੱਖ ਕੁਝ ਹੱਦ ਤਕ ਸੁੱਖ ਦਾ ਸਾਹ ਲੈਂਦਾ ਹੈ। ਬੋਤੇ ਦੀ ਸਵਾਰੀ ਨੂੰ ਮਾਣ, ਟੌਹਰ ਤੇ ਸ਼ਾਨ ਵਾਲੀ ਗੱਲ ਸਮਝਿਆ ਜਾਂਦਾ ਸੀ :

ਤੇਰੇ ਬੋਤੇ ਦੀ ਮੁਹਾਰ ਬਣ ਜਾਵਾਂ
ਸੋਨੇ ਦੇ ਤਵੀਤ ਵਾਲਿਆ
ਜਿੱਥੇ ਚੱਲੇਂਗਾ ਚੱਲੂੰਗੀ ਨਾਲ ਤੇਰੇ
ਬੋਤਾ ਜੀਵੇ ਚੀਨੇ ਰੰਗ ਦਾ।
ਤੇਰਾ ਦਿਓਰ, ਜੇਠ, ਘਰ ਵਾਲਾ
ਬੋਤੇ ਉੱਤੇ ਤਿੰਨ ਗੱਭਰੂ।
ਬੋਤਾ ਹੌਲੀ ਤੋਰ ਮਿੱਤਰਾ
ਮੇਰਾ ਨਰਮ ਕਾਲਜਾ ਧੜਕੇ

ਦਿਲ ਵਿੱਚ ਅਨੇਕ ਸੱਧਰਾਂ ਸਮੋਈ ਬੈਠੀ ਪ੍ਰੇਮਿਕਾ ਆਪਣੇ ਪ੍ਰੇਮੀ ਨੂੰ ਕੁਝ ਅਜਿਹਾ ਕਹਿੰਦੀ ਸੁਣਾਈ ਦਿੰਦੀ ਹੈ:

ਆ ਵੇ ਨਾਜਰਾ,ਬਹਿ ਵੇ ਨਾਜਰਾ,
ਬੋਤਾ ਬੰਨ੍ਹ ਦਰਵਾਜੇ
ਬੋਤੇ ਤੇਰੇ ਨੂੰ ਘਾਹ ਦਾ ਟੋਕਰਾ,
ਤੈਨੂੰ ਦੋ ਪਰਸ਼ਾਦੇ
ਗਿੱਧੇ ਵਿਚ ਨੱਚਦੀ ਦੀ,
ਮੇਰੀ ਧਮਕ ਪਏ ਦਰਵਾਜੇ

ਬੋਤੇ ਉੱਤੇ ਸਵਾਰੀ ਕਰਨ ਨੂੰ ਲੈ ਕੇ ਹਲਕੀ ਜਿਹੀ ਨੋਕ-ਝੋਕ ਵੀ ਹੁੰਦੀ ਰਹਿੰਦੀ ਸੀ :

ਗਮੇਰੇ ਬੋਤੇ ਨੇ ਮੜਕ ਨਾਲ ਤੁਰਨਾ
ਕਾਹਲੀ ਏਂ ਤਾਂ ਰੇਲ ਚੜ੍ਹ ਜਾ
ਗਬੋਤਾ ਛੱਡ ਦੇ ਝਾਂਜਰਾਂ ਵਾਲਾ
ਰਾਮ ਕੁਰੇ ਰੇਲ ਚੜ੍ਹ ਜਾ
ਗਪਾਣੀ ਪੀ ਗਿਆ ਸੱਜਣ ਦਾ ਬੋਤਾ
ਕੱਢਦੀ ਦੇ ਹੱਥ ਥੱਕ ਗਏ

ਬੋਤੇ 'ਤੇ ਸਵਾਰੀ ਕਰਨ ਦੇ ਸਬੰਧ ਵਿੱਚ ਪੰਜਾਬੀ ਲੋਕ ਗੀਤਾਂ ਵਿੱਚੋਂ ਭੈਣ ਦੇ ਪਿਆਰ ਦੀਆਂ ਕੁਝ ਝਲਕਾਂ ਵੀ ਵੇਖਣ ਨੂੰ ਮਿਲਦੀਆਂ ਹਨ :

ਗਬੋਤਾ ਵੀਰ ਦਾ ਨਜਰ ਨਾ ਆਵੇ
ਉਡਦੀ ਧੂੜ ਦਿਸੇ
ਗਜਿਉਂ ਕਾਲੀਆਂ ਘਟਾਂ ਵਿਚ ਬਗਲਾ
ਬੋਤਾ ਮੇਰੇ ਵੀਰਨੇ ਦਾ
ਗਮੱਥਾ ਟੇਕਦਾਂ ਅੰਮਾ ਦੀਏ ਜਾਈਏ
ਬੋਤਾ ਭੈਣੇ ਫੇਰ ਬੰਨ੍ਹੂੰਗਾ

ਪੁਰਾਣੇ ਸਮਿਆਂ ਵਿਚ ਊਠ ਮਨੁੱਖ ਦਾ ਨੇੜਲਾ ਸਾਥੀ ਸਮਝਿਆ ਜਾਂਦਾ ਸੀ। ਪੰਜਾਬ ਦੇ ਮਾਲਵਾ ਖਿੱਤੇ ਵਿਚ ਬੋਤਾ ਸਰਦੇ-ਪੁੱਜਦੇ ਘਰਾਂ ਦੀ ਸ਼ਾਨ ਹੁੰਦਾ ਸੀ। ਮਾਲਵੇ ਵਿਚ ਊਠ ਨੂੰ ਵਧੇਰੇ ਕਰਕੇ ਬੋਤਾ ਕਿਹਾ ਜਾਂਦਾ ਹੈ। ਪੰਜਾਬੀ ਲੋਕ ਜੀਵਨ ਵਿਚ ਊਠ ਦਾ ਆਰਥਿਕ ਤੇ ਸਮਾਜਿਕ ਮਹੱਤਵ ਬਣਿਆ ਰਿਹਾ ਹੈ। ਮਾਲਵੇ ਵਿਚ ਹੀ ਨਹੀਂ ਪੰਜਾਬੀਆਂ ਵਿਚ ਊਠ ਨੂੰ ਬੋਤਾ ਕਹਿ ਕੇ ਵਡਿਆਉਣਾ ਵਧੇਰੇ ਪ੍ਰਚੱਲਿਤ ਰਿਹਾ ਹੈ। ਆਵਾਜਾਈ, ਢੋਆ-ਢੁਆਈ ਤੇ ਸਫ਼ਰ ਵਾਸਤੇ ਊਠ ਮਨੁੱਖ ਵਾਸਤੇ ਬੇਹੱਦ ਉਪਯੋਗੀ ਜਾਨਵਰ ਹੈ। ਦੂਰ-ਨੇੜੇ ਸਾਕਾਦਾਰੀ ਵਿਚ ਆਉਣ-ਜਾਣ, ਕੰਮਕਾਰ ਜਾਣ ਆਉਣ, ਮੌਜ-ਮਸਤੀ ਕਰਨ ਲਈ ਜਾਂ ਮੇਲੇ ਜਾਣ ਲਈ ਊਠਾਂ ਤੇ ਘੋੜਿਆਂ ਨੂੰ ਸ਼ਿਗਾਰਿਆ ਜਾਂਦਾ ਸੀ ਤੇ ਉਨ੍ਹਾਂ 'ਤੇ ਸਵਾਰੀ ਕੀਤੀ ਜਾਂਦੀ ਸੀ:

ਸੋਹਣੀ ਰੰਨ ਦੇ ਮੁਕੱਦਮੇ ਜਾਣਾ,
ਊਠਣੀ ਸ਼ਿਗਾਰ ਮੁੰਡਿਆ।
ਊਠਾਂ ਵਾਲਿਓਂ ਵੇ ਊਠ ਲੱਦੇ ਗੰਗਾ ਨੰ
ਚੰਦਰੀ ਦਾ ਪੁੱਤ ਪੈਸੇ ਦੇਂਦਾ ਨਹੀਂ ਵੰਗਾਂ ਨੂੰ
ਊਠਾਂ ਵਾਲਿਆਂ ਨੂੰ ਨਾ ਦੇਈਂ ਮੇਰੀ ਮਾਏ
ਤੜਕੇ ਉੱਠ ਕੇ ਲੱਦ ਜਾਣਗੇ।
ਸਾਡੇ ਧਰੇ ਮੁਕਲਾਵੇ ਛੱਡ ਜਾਣਗੇ।

ਘੋੜਾ ਮਨੁੱਖ ਦੇ ਮਿੱਤਰ ਤੇ ਵਫ਼ਾਦਾਰ ਜਾਨਵਰਾਂ ਵਿੱਚੋਂ ਬੜੇ ਸੁੰਦਰ ਤੇ ਚੁਸਤ ਜਾਨਵਰ ਵਜੋਂ ਜਾਣਿਆ ਜਾਂਦਾ ਹੈ। ਘੋੜੇ ਦੇ ਦੌੜਨ ਦੀ ਸਮਰੱਥਾ/ਸ਼ਕਤੀ ਉਸ ਦੇ ਦੌੜਨ ਦੀ ਗਤੀ ਤੇ ਉਸ ਦੇ ਫੁਰਤੀਲੇਪਣ ਤੋਂ ਕੁਲ ਦੁਨੀਆਂ ਵਾਕਿਫ਼ ਹੈ। ਘੋੜੇ ਨੂੰ ਲੰਮੀ ਦੌੜ ਦੌੜਨ ਵਾਲੇ ਬੇਹੱਦ ਤਾਕਤਵਰ ਜਾਨਵਰ ਵਜੋਂ ਜਾਣਿਆ ਜਾਂਦਾ ਹੈ। ਘੋੜੇ ਦੀ ਸਵਾਰੀ ਕਰਨ ਵਿਚ ਮਨੁੱਖ ਹਮੇਸ਼ਾਂ ਮਾਣ ਮਹਿਸੂਸ ਕਰਦਾ ਆਇਆ ਹੈ :

ਤੂੰ ਘੋੜੇ ਮੈਂ ਪਾਲਕੀ
ਚੱਲਾਂਗੇ ਹੰਸਾਂ ਦੀ ਚਾਲ, ਮੈਂ ਵਾਰੀ
ਵਿਹੜੇ ਤਾਂ ਸਾਡੀ ਹਰੀ ਫੁਲਾਹੀ
ਮੋੜ ਘੋੜਾ ਬਹਿ ਜਾਈਂ
ਛਾਵੇਂ ਵੀ ਬਹਿ ਗਿਆ, ਗੱਲਾਂ ਵੀ ਕਰ ਗਿਆ
ਉਹੋ ਮਾਹੀ ਸਾਨੂੰ ਛਲ ਗਿਆ
ਘੋੜਾ ਬੀੜ ਕੇ ਮੋੜਨ ਭੱਜਾ ਮਗਰੇ ਵਾਹੋ ਦਾਹ,
ਸ਼ਾਵਾ!
ਆਖੇ, ਆਹ ਲੈ ਪੰਜ ਰੁਪਈਏ, ਵੰਗਾਂ ਹੋਰ ਚੜ੍ਹਾ
ਸ਼ਾਵਾ
ਦਿਓਰਾ ਖਿੱਦੋ ਖੇਡਦਿਆਂ ਵੇ,
ਅੱਜ ਘਰ ਆਇਆ ਵੀਰ
ਹੱਥ ਤਲਵਾਰ, ਘੋੜੇ ਅਸਵਾਰ,
ਅਸਾਂ ਪੇਕੇ ਜਾਣਾ ਹੋ

ਊਠ ਤੇ ਘੋੜੇ ਦੀ ਸਵਾਰੀ ਦੇ ਨਾਲ ਹਾਥੀ ਦੀ ਸਵਾਰੀ ਵੀ ਸ਼ਾਹੀ ਸਵਾਰੀ ਸਮਝੀ ਜਾਂਦੀ ਸੀ। ਰਾਜੇ-ਮਹਾਰਾਜੇ ਹਾਥੀ ਦੀ ਸਵਾਰੀ ਕਰਦੇ ਸਨ। ਕਾਫਲਿਆਂ ਵਿਚ ਸ਼ਾਹੀ ਠਾਠ ਨਾਲ ਨਿਕਲਦੇ ਸਨ। ਪੰਜਾਬੀ ਲੋਕ ਜੀਵਨ ਵਿਚ ਗੱਡੇ ਦੀ ਸਵਾਰੀ ਦਾ ਆਪਣਾ ਇਕ ਦੌਰ ਵੀ ਰਿਹਾ ਹੈ ਤੇ ਮਹੱਤਵ ਵੀ। ਗੱਡਾ ਅਸਲ ਵਿਚ ਭਾਰ ਢੋਣ ਵਾਲੀ ਅਤੇ ਆਵਾਜਾਈ ਵਾਸਤੇ ਵਰਤੋਂ ਵਿਚ ਲਿਆਉਣ ਵਾਲੀ ਬੈਲਗੱਡੀ ਜਿਹਾ ਹੁੰਦਾ ਸੀ। ਇਸ 'ਤੇ ਘਰ ਦਾ ਸਾਜ਼ੋ ਸਾਮਾਨ, ਖੇਡਾਂ ਵਿਚ ਵਰਤਣ ਵਾਲੀਆਂ ਚੀਜ਼ਾਂ ਤੇ ਫ਼ਸਲ ਦੀਆਂ ਜਿਣਸਾਂ ਨੂੰ ਢੋਇਆ ਜਾਂਦਾ ਸੀ। ਸਮਾਜਿਕ ਇਕੱਠਾਂ ਤੇ ਵਿਆਹਾਂ 'ਤੇ ਜਾਣ ਲਈ ਵੀ ਬੈਲਗੱਡੀ ਬੜੀ ਉਪਯੋਗੀ ਸਵਾਰੀ ਹੁੰਦੀ ਸੀ। ਲੰਮੇ ਸਫ਼ਰ 'ਤੇ ਨਿਕਲਣ ਲਈ ਬੈਲਗੱਡੀ ਦੇ ਪਿੱਛੇ ਇਕ ਵਾਧੂ ਬਲਦ ਬੰਨ੍ਹ ਲਿਆ ਜਾਂਦਾ ਸੀ। ਖਾਣ-ਪੀਣ ਦੇ ਪਦਾਰਥ ਵੀ ਨਾਲ ਲੈ ਲਏ ਜਾਂਦੇ ਸਨ। ਪਸ਼ੂਆਂ ਲਈ ਪੱਠਾ-ਦੱਥਾ ਵੀ ਗੱਡੇ 'ਤੇ ਰੱਖ ਲਿਆ ਜਾਂਦਾ ਸੀ। ਗੱਡੇ ਥੱਲੇ ਇਕ ਲਾਲਟੈਣ ਵੀ ਬੰਨ੍ਹ ਲਈ ਜਾਂਦੀ ਸੀ, ਜਿਸ ਨੂੰ ਹਨੇਰਾ ਹੋਣ 'ਤੇ ਜਗਾ ਲਿਆ ਜਾਂਦਾ ਸੀ। ਜਿਨ੍ਹਾਂ ਲੋਕਾਂ ਕੋਲ ਗੱਡੇ ਹੁੰਦੇ ਸਨ, ਉਹ ਸਰਦੇ-ਪੁੱਜਦੇ ਹੁੰਦੇ ਸਨ ਤੇ ਪਿੰਡਾਂ ਵਿਚ ਉਨ੍ਹਾਂ ਦਾ ਚੰਗਾ ਮਾਣ ਸਤਿਕਾਰ ਹੁੰਦਾ ਸੀ। ਇਸ ਦੋਪਹੀਆ ਵਾਹਨ ਨੂੰ ਠੇਲ੍ਹਾ ਵੀ ਕਹਿ ਲਿਆ ਜਾਂਦਾ ਹੈ। ਪੰਜਾਬੀ ਲੋਕ ਗੀਤਾਂ ਵਿਚ ਗੱਡੇ ਦਾ ਜ਼ਿਕਰ ਕਈ ਕੋਣਾਂ ਤੋਂ ਕੀਤਾ ਗਿਆ ਮਿਲਦਾ ਹੈ:

ਗੱਡ ਗਡੀਰੇ ਵਾਲਿਆ ਗੱਡ ਹੌਲੀ ਹੌਲੀ ਤੋਰ
ਮੇਰੇ ਦੁਖਣ ਕੰਨਾਂ ਦੀਆਂ ਵਾਲੀਆਂ ਤੇ
ਦਿਲ ਨੂੰ ਪੈਂਦੇ ਹੌਲ
ਸਣੇ ਬਲਦ ਗੱਡਾ ਪੁੰਨ ਕੀਤਾ
ਵੀਰ ਮੇਰੇ ਧਰਮੀ ਨੇ।
ਗੱਡਾ ਆ ਗਿਆ ਸੰਦੂਕੋਂ ਖਾਲੀ
ਬਹੁਤਿਆਂ ਭਰਾਵਾਂ ਵਾਲੀਏ।

ਗੱਡੇ ਨੂੰ ਘੋੜੇ, ਖੱਚਰ, ਬਲਦ ਆਦਿ ਜਾਨਵਰਾਂ ਨਾਲ ਖਿੱਚਿਆ ਜਾ ਸਕਦਾ ਹੈ। ਗੱਡੇ ਨੂੰ ਖਿੱਚਣ ਵਾਲੇ ਜਾਨਵਰ ਅਨੁਸਾਰ ਉਸ ਨੂੰ ਬੈਲਗੱਡੀ, ਘੋੜਾ ਗੱਡੀ ਜਾਂ ਖੱਚਰ ਗੱਡੀ ਜਾਂ ਖੱਚਰ ਰੇਹੜਾ ਕਹਿ ਲਿਆ ਜਾਂਦਾ ਹੈ। ਪਹਿਲਾਂ ਗੱਡੇ ਦੇ ਪਹੀਏ ਲੱਕੜ ਦੇ ਬਣੇ ਹੁੰਦੇ ਸਨ। ਫਿਰ ਹੌਲੀ-ਹੌਲੀ ਟਾਇਰ-ਟਿਊਬ ਵਾਲੇ ਪਹੀਆਂ ਵਾਲੇ ਗੱਡਿਆਂ ਦਾ ਪ੍ਰਚਲਨ ਹੁੰਦਾ ਗਿਆ।

ਰੱਥ 'ਤੇ ਸਵਾਰੀ ਕਰਨ ਨੂੰ ਮਾਣ ਵਾਲੀ ਗੱਲ ਸਮਝਿਆ ਜਾਂਦਾ ਸੀ। ਦੋ ਗੁੰਬਦਾਂ ਦੀ ਸ਼ਕਲ ਵਾਲੇ ਰੱਥ ਨੂੰ ਬਲਦਾਂ ਦੀ ਜੋੜੀ ਖਿੱਚਦੀ ਸੀ। ਰੱਥ 'ਤੇ ਬਹੁਤ ਜਚਦੇ-ਫੱਬਦੇ ਤੇ ਸੋਹਣੇ ਲੱਗਣ ਵਾਲੇ ਝੁੰਮਣ ਪਾਏ ਹੁੰਦੇ ਸਨ ਤੇ ਬਲਦਾਂ ਦੇ ਗਲਾਂ ਵਿਚ ਰੰਗਦਾਰ ਰੱਸੀਆਂ ਵਿਚ ਘੁੰਗਰੂ, ਮਣਕੇ, ਟੱਲੀਆਂ ਤੇ ਫੁੰਮਣੀਆਂ ਪਰੋ ਕੇ ਪਾਈਆਂ ਹੁੰਦੀਆਂ ਸਨ। ਬਲਦਾਂ ਨੂੰ ਬਹੁਰੰਗੀਆਂ ਰੱਸੀਆਂ ?ਨਾਲ ਸ਼ਿੰਗਾਰਿਆ ਜਾਂਦਾ ਸੀ। ਉਨ੍ਹਾਂ ਦੇ ਸਿੰਗਾਂ 'ਤੇ ਰੰਗ-ਬਿਰੰਗੀਆਂ ਚੁੰਨੀਆਂ ਬੰਨ੍ਹੀਆਂ ਜਾਂਦੀਆਂ ਸਨ। ਇੰਜ ਉਹ ਰੱਥ ਬੜੇ ਸੋਹਣੇ ਲੱਗਦੇ ਸਨ। ਬਰਾਤਾਂ ਰੱਥਾਂ, ਬਲਦਾਂ ਵਾਲੇ ਗੱਡੇ-ਗੱਡੀਆਂ, ਟਾਂਗਿਆਂ ਆਦਿ 'ਤੇ ਜਾਂਦੀਆਂ ਸਨ। ਵਿਆਹੁਲੀ ਲੜਕੀ ਨੂੰ ਡੋਲੀ ਵਿਚ ਬਿਠਾ ਕੇ ਲਿਜਾਇਆ ਜਾਂਦਾ ਸੀ। ਡੋਲੀ ਨੂੰ ਕੁਹਾਰ ਚੁੱਕਦੇ ਸਨ। ਉਸ ਸਮੇਂ ਨਾਲ ਸਬੰਧਿਤ ਪੰਜਾਬੀ ਦੇ ਕੁਝ ਲੋਕ ਗੀਤਾਂ ਦੀਆਂ ?ਤੁਕਾਂ ਲੋਕ ਮਨਾਂ ਨੂੰ ਟੁੰਬਦੀਆਂ ਆਈਆਂ ਹਨ:

ਗ ਤੇਰੇ ਮਹਿਲਾਂ ਦੇ ਵਿਚ
ਇਕ ਇੱਟ ਪੁਟਾ ਦੇਵਾਂ ਧੀਏ
ਘਰ ਜਾ ਆਪਣੇ
ਮੇਰੀ ਡੋਲੀ 'ਤੇ ਲੱਗੇ ਹੀਰੇ ਨੀਂ ਮਾਂ
ਮੈਨੂੰ ਵਿਦਾ ਕਰਨ ਮੇਰੇ ਵੀਰੇ ਨੀਂ ਮਾਂ
ਸ਼ਾਹੀ ਘਰਾਣਿਆਂ, ਪੈਸੇ ਵਾਲੇ ਲੋਕਾਂ ਤੇ ਸਾਧਨ ਸੰਪੰਨ ਲੋਕਾਂ ਵੱਲੋਂ ਆਪਣੇ ਘਰਾਂ ਦੀਆਂ ਠਾਠ-ਬਾਠ ਵਾਲੀਆਂ ਔਰਤਾਂ ਦੇ ਆਉਣ-ਜਾਣ ਲਈ ਪਾਲਕੀਆਂ ਦੀ ਵਰਤੋਂ ਕੀਤੀ ਜਾਂਦੀ ਸੀ। ਰਾਜੇ-ਮਹਾਰਾਜੇ ਹਾਥੀ-ਘੋੜਿਆਂ ਦੀ ਸਵਾਰੀ ਤਾਂ ਕਰਦੇ ਹੀ ਸਨ, ਉਹ ਪਾਲਕੀ ਦੀ ਸਵਾਰੀ ਕਰਨ ਦਾ ਸ਼ੌਕ ਵੀ ਰੱਖਦੇ ਸਨ।

ਦੰਮਾਂ ਦੀ ਬੋਰੀ ਤੇਰਾ ਬਾਬਾ ਫੜੇ
ਵੇ ਨਿੱਕਿਆ, ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ
ਹਾਥੀਆਂ ਦੇ ਸੰਗਲ ਤੇਰਾ ਬਾਪ ਫੜੇ
ਵੇ ਨਿੱਕਿਆ, ਘੋੜੀ 'ਤੇ ਮੇਰਾ ਸੋਹਣਾ ਵੀਰ ਚੜ੍ਹੇ
ਹਾਥੀਆਂ-ਘੋੜਿਆਂ 'ਤੇ ਆਉਂਦੀਆਂ ਬਰਾਤਾਂ ਨੂੰ ਠਹਿਰਾਉਣ ਤੇ ਹਾਥੀ -ਘੋੜਿਆਂ ਨੂੰ ਬੰਨ੍ਹਣ ਦਾ ਯਥਾਯੋਗ ਪ੍ਰਬੰਧ ਕੀਤਾ ਜਾਂਦਾ ਸੀ। ਗੱਡੇ ਤੋਂ ਪਿੱਛੋਂ ਟਾਂਗੇ ਜਾਂ ਯੱਕੇ ਦੀ ਸਵਾਰੀ ਤਾਂ ਮਨੁੱਖ ਦੀ ਵੱਡੀ ਰੀਝ ਪੂਰੀ ਕਰ ਦਿੰਦੀ ਹੈ। ਟਾਂਗਾ ਮਨੁੱਖ ਵਾਸਤੇ ਸ਼ਾਹੀ ਸਵਾਰੀ ਬਣ ਕੇ ਪ੍ਰਗਟ ਹੁੰਦਾ ਹੈ। ਟਾਂਗੇ ਤੇ ਯੱਕੇ ਦੀ ਸਵਾਰੀ ਦੀ ਸਹੂਲਤ ਮਨੁੱਖ ਨੂੰ ਨਵਾਂ ਹੁਲਾਰਾ ਪ੍ਰਦਾਨ ਕਰਦੀ ਹੈ। ਸਮੇਂ ਦੀ ਤੋਰ ਦੇ ਨਾਲ ਪੰਜਾਬੀ ਲੋਕ ਗੀਤ ਵੀ ਟਾਂਗਿਆਂ-ਯੱਕਿਆਂ ਦੀ ਸਵਾਰੀ ਕਰਦੇ ਪ੍ਰਤੀਤ ਹੁੰਦੇ ਹਨ:

ਵੱਟਾ ਮਾਰਿਆ ਟਾਂਗੇ ਨੂੰ
ਹੀਰ ਜੇ ਨਾ ਜੰਮਦੀ, ਦੁੱਖ ਲੱਗਦੇ ਨਾ ਰਾਂਝੇ ਨੂੰ।
ਚੜ੍ਹ ਗਿਆ ਡਾਕ ਗੱਡੀ
ਮੈਨੂੰ ਦੇ ਗਿਆ ਯੱਕੇ ਦਾ ਭਾੜਾ।

ਸਮਾਂ ਬੀਤਦਾ ਜਾਂਦਾ ਹੈ। ਜਿਨ੍ਹਾਂ ਰਾਹਾਂ 'ਤੇ ਊਠਾਂ, ਘੋੜਿਆਂ, ਹਾਥੀਆਂ, ਟਾਂਗਿਆਂ ਆਦਿ ਦੀਆਂ ਸਵਾਰੀਆਂ ਦਾ ਡੰਕਾ ਵੱਜਦਾ ਸੀ, ਉਨ੍ਹਾਂ ਰਾਹਾਂ 'ਤੇ ਸਾਈਕਲ ਆ ਚੜ੍ਹਦਾ ਹੈ। ਸਾਈਕਲ ਦੀ ਟੌਹਰ ਉਦੋਂ ਤਕ ਦੀਆਂ ਬਾਕੀ ਸਵਾਰੀਆਂ ਦੇ ਰੰਗ ਨੂੰ ਫਿੱਕਿਆਂ ਪਾ ਦਿੰਦੀ ਹੈ। ਕੋਈ ਨੱਢੀ ਆਪਣੇ ਕਿਸੇ ਵਾਕਿਫ਼ ਨੂੰ ਪੁੱਛਦੀ ਹੈ:

ਬਾਈਸਾਈਕਲ ਚਲਾਈ ਜਾਂਦੇ ਓ
ਥੋਡੀ ਕੀ ਲੱਗਦੀ
ਪਿੱਛੇ ਬਿਠਾਈ ਜਾਂਦੇ ਓ

ਸਫ਼ਰ ਨਾਲ ਜੁੜਦੀ ਇਕ ਹੋਰ ਗੱਲ ਵੀ ਕਰ ਲਈਏ ।ਵਿਸ਼ਵ ਪੱਧਰ 'ਤੇ ਕੋਰੋਨਾ ਵਾਇਰਸ ਕਾਰਨ ਫੈਲੀ ਮਹਾਂਮਾਰੀ ਦੇ ਇਨ੍ਹਾਂ ਮਹੀਨਿਆਂ ਦੌਰਾਨ ਸਭ ਤੋਂ ਵੱਧ ਮਾਰ ਮਜਦੂਰ ਜਮਾਤ ਨੂੰ ਝੱਲਣੀ ਪਈ ਹੈ। ਵਿਸ਼ੇਸ਼ ਕਰਕੇ ਪਰਵਾਸੀ ਮਜਦੂਰਾਂ ਨੂੰ ਆਪਣੇ ਕੰਮ ਵਾਲੇ ਸਥਾਨ ਤੋਂ ਲੈ ਕੇ ਦੂਰ-ਦੁਰੇਡੇ ਦੇ ਆਪਣੇ ਘਰਾਂ,ਪਿੰਡਾਂ, ਕਸਬਿਆਂ,ਸ਼ਹਿਰਾਂ, ਰਾਜਾਂ ਤੱਕ ਪਹੁੰਚਣ ਲਈ ਸੈਂਕੜੇ, ਹਜ਼ਾਰਾਂ ਕਿਲੋਮੀਟਰ ਦਾ ਸਫ਼ਰ ਬਹੁਤ ਬੁਰੇ ਹਾਲੀਂ ਪੈਦਲ ਤੈਅ ਕਰਨਾ ਪਿਆ/ਪੈ ਰਿਹਾ ਹੈ।ਇਹ ਪੈਦਲ ਸਫਰ ਉਨ੍ਹਾਂ ਨੂੰ ਅਤੀ ਕਠਿਨ, ਕਠੋਰ ਤੇ ਗ਼ੈਰਮੁਆਫ਼ਿਕ ਹਾਲਤਾਂ ਵਿੱਚ ਭੁੱਖਿਆਂ-ਪਿਆਸਿਆਂ ਨੂੰ ਕਈ-ਕਈ ਦਿਨ ਤੁਰ ਕੇ ਮਾਸੂਮ ਬੱਚਿਆਂ,ਤੀਵੀਆਂ, ਬਜ਼ੁਰਗਾਂ ਨਾਲ ਕਰਨਾ ਪਿਆ। ਮੀਡੀਏ ਰਾਹੀਂ ਉਨ੍ਹਾਂ ਦੇ ਇਸ ਸਫ਼ਰ ਦੀ ਦਾਸਤਾਨ ਸੁਣ/ਵੇਖ ਕੇ ਪੁਰਾਣੇ ਸਮਿਆਂ ਵਿੱਚ ਪੈਦਲ ਤੁਰ-ਤੁਰ ਕੇ ਪੈਰੀਂ ਪੈ ਜਾਂਦੇ ਰਹੇ ਛਾਲਿਆਂ ਦੇ ਕੀਤੇ ਜਾਂਦੇ ਰਹੇ ਜ਼ਿਕਰ ਵਿੱਚੋਂ ਪੈਦਾ ਹੋਣ ਵਾਲਾ ਰੁਦਨ ਚੇਤਿਆਂ ਵਿੱਚ ਉਭਰ ਆਉਂਦਾ ਹੈ। ਔਖੇ ਵੇਲਿਆਂ ਦੇ ਪੈਦਲ ਕੀਤੇ ਇਸ ਸਫਰ ਦੀਆਂ ਗੱਲਾਂ ਧੁਰ ਅੰਦਰ ਤੱਕ ਕੰਬਣੀ ਛੇੜ ਦੇਣ ਵਾਲੀਆਂ ਹਨ। ਪੁਰਾਣੇ ਸਮਿਆਂ ਵਿੱਚ ਤਾਂ ਮਜਬੂਰੀ ਸੀ ਕਿ ਮਨੁੱਖ ਕੋਲ ਵਸੀਲੇ ਨਹੀਂ ਸਨ ਹੁੰਦੇ। ਅਜੋਕੇ ਸਮੇਂ ਵਿੱਚ ਪੈਦਾ ਹੋ ਗਈ ਅਜੀਬ ਮਜਬੂਰੀਵਸ ਕੀਤਾ ਗਿਆ ਅਜਿਹਾ ਪੈਦਲ ਸਫਰ ਮਨੁੱਖੀ ਇਤਿਹਾਸ ਦੀਆਂ ਮੰਦਭਾਗੀਆਂ ਤੇ ਪੀੜਾਂ ਨਾਲ ਪਰੁੰਨੀਆਂ ਘਟਨਾਵਾਂ ਦੀ ਕੜੀ ਵਿੱਚ ਜੁੜ ਜਾਣ ਵਾਲਾ ਦਰਦਨਾਕ ਅਧਿਆਇ ਬਣ ਜਾਂਦਾ ਹੈ। ਕੁਝ ਵੀ ਹੋਵੇ ਪੰਜਾਬੀ ਲੋਕਧਾਰਾ ਦੇ ਪੈਰਾਂ ਅਤੇ ਪਹੀਆਂ 'ਤੇ ਸਵਾਰੀ ਕਰਦਾ ਆਉਂਦਾ ਮਨੁੱਖ ਬਹੁਤ ਦੂਰ ਤੱਕ ਨਿਕਲ ਆਇਆ ਹੈ। ਉਸ ਨੇ ਬੱਸਾਂ, ਲਾਰੀਆਂ, ਟਰੱਕਾਂ, ਕਾਰਾਂ, ਰੇਲ ਗੱਡੀਆਂ,ਹਵਾਈ ਜਹਾਜ਼ਾਂ ਆਦਿ 'ਤੇ ਸਵਾਰੀ ਕਰਦਿਆਂ ਲੱਖ

ਤੇਰੀ ਸੱਜਰੀ ਪੈੜ ਦਾ ਰੇਤਾ, ਚੁੱਕ ਚੁੱਕ ਲਾਵਾਂ ਹਿੱਕ ਨੂੰ

ਮੁੰਬਈ ਤੋਂ ਕਰਨੈਲ ਸਿੰਘ ਦਾ ਫੋਨ ਆਇਆ-'ਇਕ ਤੋਹਫਾ ਭੇਜ ਰਿਹਾ ਹਾਂ। ਪਰ ਤੁਹਾਨੂੰ ਮਿਲੇਗਾ ਇਹ ਇਕ ਮਹੀਨੇ ਬਾਅਦ।' ਕਰਨੈਲ ਸਿੰਘ ਨੇ ਹੋਰ ਕੁਝ ਨਹੀਂ ਸੀ ਦੱਸਿਆ। ਮੈਂ ਵੀ ਨਹੀਂ ਸੀ ਪੁੱਛਿਆ। ਦਾਮਾਦ ਪਾਸੋਂ ਭਲਾ ਮੈਂ ਕਿਵੇਂ ਪੁੱਛਦਾ ਕਿ ਤੁਸੀਂ ਮੈਨੂੰ ਕਿਹੜਾ ਅਜਿਹਾ ਤੋਹਫਾ ਭੇਜ ਰਹੇ ਹੋ, ਜਿਸ ਬਾਰੇ ਤੁਹਾਨੂੰ ਟੈਲੀਫੋਨ ਕਰਨ ਦੀ ਲੋੜ ਮਹਿਸੂਸ ਹੋਈ। ਸਹੁਰੇ ਤਾਂ ਜਵਾਈਆਂ ਨੂੰ ਤੋਹਫੇ ਦਿੰਦੇ ਹਨ। ਬਹੁਤੇ ਜਵਾਈ ਮਹਿੰਗੇ ਤੋਹਫੇ ਮੰਗ ਲੈਂਦੇ ਹਨ। ਧੀ ਨੂੰ ਤੰਗ ਕਰਨਗੇ, ਜਾਹ ਆਪਣੇ ਬਾਪ ਨੂੰ ਕਹੋ, ਇਕ ਲੱਖ ਰੁਪਏ ਦੇਵੇ, ਕਾਰ ਖਰੀਦਣੀ ਹੈ, ਪੈਸੇ ਥੁੜਦੇ ਹਨ। ਪੰਦਰਾਂ ਲੱਖ ਰੁਪਏ ਪਲਾਟ ਦੀ ਕੀਮਤ ਹੈ, ਜਾਹ ਪਿਓ ਪਾਸੋਂ ਚਾਰ ਲੱਖ ਰੁਪਏ ਲੈ ਕੇ ਆ। ਤੇਰੇ ਪਿਓ ਪਾਸ ਬਥੇਰੇ ਪੈਸੇ ਹਨ। ਉਨ੍ਹਾਂ ਨਾਲ ਥੋੜੇ ਲੈ ਜਾਣੇ ਹਨ। ਜੇ ਛੋਟੀ ਹੈਸੀਅਤ ਵਾਲਾ ਜਵਾਈ ਹੋਵੇਗਾ ਤਾਂ ਪੰਦਰਾਂ-ਪੰਦਰਾਂ, ਵੀਹ-ਵੀਹ ਹਜ਼ਾਰ ਰੁਪਏ ਮੰਗੇਗਾ, ਫਿਰ ਮੰਗੇਗਾ। ਸਹੁਰੇ ਘਰ ਸ਼ਾਦੀ ਹੋਵੇ ਤਾਂ ਸੋਨੇ ਦਾ ਕੜਾ ਮੰਗਣਗੇ। ਗਰਮ ਸੂਟ ਲੈ ਕੇ ਦੇਣ ਲਈ ਕਹਿਣਗੇ।

ਮੇਰਾ ਜਵਾਈ ਮੈਨੂੰ, ਆਪਣੇ ਸਹੁਰੇ ਨੂੰ, ਗਿਫਟ ਦੇ ਰਿਹਾ ਸੀ। ਕਿਤੇ ਮਖੌਲ ਤਾਂ ਨਹੀਂ ਸੀ ਕਰ ਰਿਹਾ। ਕਿਤੇ ਫਸਟ ਅਪ੍ਰੈਲ ਫੂਲ ਤਾਂ ਨਹੀਂ ਸੀ ਬਣਾ ਰਿਹਾ। ਪਰ ਅੱਜ ਤਾਂ ਦੋ ਅਪ੍ਰੈਲ ਸੀ। ਪਹਿਲੀ ਅਪ੍ਰੈਲ ਤਾਂ ਲੰਘ ਚੁੱਕੀ ਸੀ। ਨਾਲੇ ਇਕ ਬੁੱਢੇ ਨੂੰ ਫਸਟ ਅਪ੍ਰੈਲ ਫੂਲ ਬਣਾਉਣ ਦੀ ਕੋਈ ਤੁੱਕ ਨਹੀਂ ਬਣਦੀ। ਫਿਰ ਜਵਾਈ ਭਲਾ ਸਹੁਰੇ ਨੂੰ ਫਸਟ ਅਪ੍ਰੈਲ ਫੂਲ ਕਿਉਂ ਬਣਾਵੇਗਾ।

ਮੈਂ ਕਰਨੈਲ ਸਿੰਘ ਨੂੰ ਦੋ ਕਿਤਾਬਾਂ ਦੇ ਨਾਮ ਅਤੇ ਆਥਰਾਂ ਦੇ ਨਾਮ ਲਿਖਵਾਏ ਸਨ। ਇਹ ਕਿਤਾਬਾਂ ਭਾਰਤ ਵਿਚੋਂ ਮੈਨੂੰ ਕਿਧਰੇ ਨਹੀਂ ਸਨ ਮਿਲੀਆਂ। ਪਾਕਿਸਤਾਨ ਗਿਆਂ ਸਾਂ, ਲਾਹੌਰ ਤੋਂ ਵੀ ਦੁਰਲੱਭ ਕਿਤਾਬਾਂ ਮੈਨੂੰ ਨਹੀਂ ਸਨ ਮਿਲੀਆਂ। ਮੈਂ ਕਰਨੈਲ ਸਿੰਘ ਨੂੰ ਕਿਹਾ ਕਿ ਉਹ ਆਪਣੇ ਦੋਸਤ ਡਾਕਟਰ ਤੇਜਿੰਦਰ ਸਿੰਘ ਨੂੰ ਕਹੇ ਕਿ ਉਹ ਅਮਰੀਕਾ ਦੀਆਂ ਸੰਸਾਰ ਪ੍ਰਸਿੱਧ ਪੁਸਤਕਸ਼ਾਪਾਂ ਤੋਂ ਇਹ ਕਿਤਾਬਾਂ ਲੱਭਣ ਦਾ ਯਤਨ ਕਰੇ। ਹੋ ਸਕਦਾ ਹੈ ਕਿ ਡਾਕਟਰ ਤੇਜਿੰਦਰ ਸਿੰਘ ਨੇ ਇਹ ਕਿਤਾਬਾਂ ਲੱਭ ਕੇ ਖਰੀਦ ਲਈਆਂ ਹੋਣ। ਪਿੱਛੇ ਜਿਹੇ ਉਹ ਅਮਰੀਕਾ ਤੋਂ ਭਾਰਤ ਆਇਆ ਸੀ। ਕਰਨੈਲ ਸਿੰਘ ਨੂੰ ਮਿਲਿਆ ਵੀ ਸੀ। ਹੋ ਸਕਦਾ ਹੈ, ਇਹ ਕਿਤਾਬਾਂ ਹੀ ਤੋਹਫਾ ਹੋਣ।

ਛੱਬੀ ਸਾਲ ਪਹਿਲਾਂ ਜਦੋਂ ਮੈਂ ਆਪਣੀ ਬੇਟੀ ਨਵਸੰਗੀਤ ਦੇ ਲਈ ਯੋਗ ਵਰ ਵਾਸਤੇ ਅਖ਼ਬਾਰਾਂ ਵਿਚੋਂ ਮੈਟਰੀਮੋਨੀਅਲ ਪੜ੍ਹ ਰਿਹਾ ਸਾਂ ਤਾਂ ਤੇਜਿੰਦਰ ਸਿੰਘ ਨੇ ਆਪਣੇ ਮਿੱਤਰ ਕਰਨੈਲ ਸਿੰਘ ਲਈ ਯੋਗ ਕੰਨਿਆ ਦੀ ਤਲਾਸ਼ ਦਾ ਦਿੱਤਾ ਇਸ਼ਤਿਹਾਰ ਅਖ਼ਬਾਰ ਵਿਚ ਪੜ੍ਹਿਆ ਸੀ। ਲੜਕਾ ਸਰਕਾਰੀ ਅਫਸਰ ਸੀ। ਕੋਈ ਦਾਜ ਨਹੀਂ। ਕਿਤੇ ਦਿੱਤੇ ਹੋਏ ਪਤੇ 'ਤੇ ਮੈਂ ਖਤ ਲਿਖਿਆ ਸੀ। ਤੇਜਿੰਦਰ ਸਿੰਘ ਤੇ ਉਸ ਦਾ ਮਿੱਤਰ ਚੇਤ ਸਿੰਘ ਸਾਡਾ ਘਰ-ਬਾਰ ਵੇਖਣ ਆਏ ਸਨ। ਉਦੋਂ ਦੋਵੇਂ ਮਿੱਤਰ ਐਮ ਬੀ ਬੀ ਐਸ ਡਿਗਰੀ ਦੇ ਆਖਰੀ ਸਾਲ ਦੇ ਵਿਦਿਆਰਥੀ ਸਨ।

ਮੈਂ ਕਰਨੈਲ ਸਿੰਘ ਦੇ ਇਨ੍ਹਾਂ ਦੋਵਾਂ ਮਿੱਤਰਾਂ ਨੂੰ ਪੁੱਛਿਆ ਸੀ ਤੁਸੀਂ ਸ਼ਾਦੀ ਦੇ ਇਸ਼ਤਿਹਾਰ ਵਿਚ ਕੋਈ ਦਾਜ ਨਹੀਂ ਲਿਖਿਆ ਸੀ। ਕੀ ਕਰਨੈਲ ਸਿੰਘ ਇਸ ਗੱਲ ਨਾਲ ਸਹਿਮਤ ਸੀ? -ਨੋ ਡਾਓਰੀ ਲਿਖਣ ਬਾਰੇ ਕਰਨੈਲ ਸਿੰਘ ਦੀ ਖ਼ਾਸ ਹਦਾਇਤ ਸੀ- ਤੇਜਿੰਦਰ ਸਿੰਘ ਨੇ ਕਿਹਾ। ਮੈਂ ਕਰਨੈਲ ਸਿੰਘ ਨੂੰ ਕਿਹਾ ਸੀ ਕਿ ਉਹ ਹਰਿਦੁਆਰ ਵਿਖੇ ਤਿਆਰ ਹੁੰਦੀ, ਸ਼ੂਗਰ ਰੋਕ ਦਵਾਈ, ਮਧੂ ਮੇਹ ਦੀਆਂ ਦੋ ਸ਼ੀਸ਼ੀਆਂ ਮੰਗਵਾ ਕੇ ਮੈਨੂੰ ਭਿਜਵਾ ਦੇਵੇ। ਕਰਨੈਲ ਸਿੰਘ ਦੇ ਖਾਦੀ ਕਮਿਸ਼ਨ ਦਾ ਇਕ ਦਫ਼ਤਰ ਹਰਿਦੁਆਰ ਵਿਚ ਵੀ ਸੀ। ਉਥੋਂ ਹੀ ਇਹ ਦਵਾਈ ਮਿਲਦੀ ਸੀ। ਹੋ ਸਕਦਾ ਹੈ ਮਧੂ ਮੇਹ ਦੀਆਂ ਸ਼ੀਸ਼ੀਆਂ ਹੀ ਇਹ ਤੋਹਫਾ ਹੋਣ। ਪਰ ਦਵਾਈ ਦਾ ਤੋਹਫਾ ਤਾਂ ਕੋਈ ਦਿੰਦਾ ਵੇਖਿਆ ਨਹੀਂ। ਇਕ ਵਾਰ ਕਰਨੈਲ ਸਿੰਘ ਨੇ ਮੈਨੂੰ ਨੇਵੀ ਬਲਿਊ ਰੰਗ ਦੀ ਪੱਗੜੀ ਲਿਆ ਕੇ ਦਿੱਤੀ ਸੀ। ਪੱਗੜੀ ਨਵੀਂ ਸੀ। ਮੈਂ ਕਿਹਾ, ਤੁਸੀਂ ਪੱਗੜੀ ਖਰੀਦੀ ਵੀ ਤੇ ਫਿਰ ਪੱਗੜੀ ਬੱਧੀ ਵੀ ਨਾ। ਕਰਨੈਲ ਸਿੰਘ ਨੇ ਦੱਸਿਆ, ਖਾਦੀ ਕਮਿਸ਼ਨ ਦਾ ਡਾਇਰੈਕਟਰ ਹਾਂ। ਗਰਮ ਸਰਦ ਖਾਦੀ ਦੇ ਕੱਪੜੇ ਪਹਿਨਣੇ ਜ਼ਰੂਰੀ ਨੇਮ ਹੈ। ਖਾਦੀ ਦੇ ਪੀਲੇ ਗਰਮ ਸੂਟ ਨਾਲ ਨੀਲੀ ਪੱਗੜੀ ਸੂਟ ਨਹੀਂ ਸੀ ਕਰਦੀ। ਤੁਹਾਨੂੰ ਇਹ ਦਸਤਾਰ ਬੜੀ ਵਧੀਆ ਲੱਗੇਗੀ। ਪੰਜਾਬੀ ਲੋਕ ਗੀਤਾਂ ਦੀ ਖਿੜੀ ਫੁਲਵਾੜੀ ਵਿਚ ਕੋਈ ਲੋਕ ਗੀਤ ਜਵਾਈ ਦੀ ਉਸਤਤ ਵਿਚ ਬੋਲਦਾ ਨਹੀਂ ਮਿਲਦਾ। ਜਵਾਈ ਲਈ ਤਾਹਨੇ ਮਿਹਣੇ ਹੀ ਇਨ੍ਹਾਂ ਗੀਤਾਂ ਵਿਚ ਮਿਲਦੇ ਹਨ। -ਉਚਾ ਬੁਰਜ ਲਾਹੌਰ ਦਾ, ਵੇ ਦੀਵਾ ਮਮਟੀ ਤੇ ਧਰੀਏ, ਲਾੜਿਆ ਵੇ ਤੇਰੇ ਦੋ ਦੋ ਬਾਪ, ਮਿਲਣੀ ਕਿਹਦੀ ਕਰੀਏ। ਮੈਂ ਭਾਰਤੀ ਹਵਾਈ ਸੈਨਾ ਵਿਚ ਸੇਵਾ ਕਰਦਾ ਸਾਂ। ਨੇਵੀ ਬਲਿਊ ਪੱਗੜੀ ਬੰਨਣਾ ਵਰਦੀ ਦਾ ਹਿੱਸਾ ਸੀ। ਇੰਨੇ ਸਾਲ ਨੇਵੀ ਬਲਿਊ ਰੰਗ ਦੀ ਪੱਗੜੀ ਬੰਨ੍ਹਦਾ ਰਿਹਾ ਸਾਂ। ਇਸ ਰੰਗ ਨਾਲ ਮੇਰਾ ਪੱਕਾ ਪਿਆਰ ਪੈ ਗਿਆ ਸੀ। ਹੁਣ ਵੀ ਜਦੋਂ ਇਸ ਰੰਗ ਦੀ ਦਸਤਾਰ ਸਜਾਉਂਦਾ ਹਾਂ, ਮੈਨੂੰ ਹਵਾਈ ਸੈਨਾ ਵਿਚ ਬਿਤਾਏ ਦਿਨਾਂ ਦੀ ਯਾਦ ਆ ਜਾਂਦੀ ਹੈ। ਮੈਂ ਹਵਾ ਵਿਚ ਉਡਦਾ ਮਹਿਸੂਸ ਕਰਦਾ ਹਾਂ। ਜਵਾਈ, ਸਹੁਰੀਂ ਆ ਕੇ ਕਈ ਨਖ਼ਰੇ ਕਰਦੇ ਹਨ। ਰੋਹਬ ਪਾਉਂਦੇ ਹਨ। ਮਹਿੰਗੀ ਵਿਸਕੀ ਦੀ ਮੰਗ ਕਰਦੇ ਹਨ। ਸਾਲਮ ਮੁਰਗਾ ਵੀ ਚਾਹੀਦਾ ਹੁੰਦਾ ਹੈ। ਸਾਲੇ ਦਾ ਵਿਆਹ ਹੋਵੇ ਤਾਂ ਸੋਨੇ ਦਾ ਕੜਾ ਵੀ ਮੰਗਦੇ ਹਨ। ਧੀ ਦੇ ਵਸੇਬ ਲਈ ਮਾਪਿਆਂ ਨੂੰ ਸਭ ਕੁਝ ਸਹਿਣਾ ਪੈਂਦਾ ਹੈ। ਸਭ ਕੁਝ ਕਰਨਾ ਪੈਂਦਾ ਹੈ। ਪਰ ਕਰਨੈਲ ਸਿੰਘ ਸ਼ੁੱਧ ਸੰਤ ਸੁਭਾਅ ਦਾ ਬੰਦਾ ਸੀ। ਸਧਾਰਨ ਰਹਿਣ ਸਹਿਣ। ਸ਼ਰਾਬ, ਮੀਟ, ਮੁਰਗੇ, ਮੱਛੀ ਤੋਂ ਕੋਹਾਂ ਦੂਰ ਸੀ। ਯਾਦ ਆਇਆ ਇਹ ਸਰਪ੍ਰਾਈਜ਼ ਤੋਹਫਾ ਮਿਸਰ ਦੇ ਪਿਰਾਮਿਡ ਦਾ ਮਾਡਲ ਹੋਵੇਗਾ। ਤਿੰਨ ਅਧਿਕਾਰੀਆਂ ਦੇ ਸਰਕਾਰੀ ਟ੍ਰੇਡ ਡੈਲੀਗੇਸ਼ਨ ਵਿਚ ਸ਼ਾਮਲ, ਕਰਨੈਲ ਸਿੰਘ ਮਿਸਰ ਗਿਆ ਸੀ। ਮਿਸਰ ਦੀਆਂ ਸਦੀਆਂ ਪੁਰਾਣੀਆਂ ਮੰਮੀਆਂ ਅਤੇ ਪਿਰਾਮਿਡ ਸੰਸਾਰ ਦਾ ਇੱਕੋ-ਇਕ ਅਜੂਬਾ ਹੈ ਜਿਸ 'ਤੇ ਕੋਈ ਮੱਤਭੇਦ ਨਹੀਂ। ਸੰਸਾਰ ਦੇ ਸੱਤ ਅਜੂਬਿਆਂ ਦਾ ਐਸ ਐਮ ਐਸ ਰਾਹੀਂ ਫੈਸਲਾ ਕਰਨ ਵੇਲੇ, ਮਿਸਰ ਦੇ ਪਿਰਾਮਿਡ ਤਾਂ ਪ੍ਰਵਾਨਿਤ ਅਜੂਬਾ ਸੀ ਹੀ। ਇਸ ਲਈ ਬਾਕੀ ਛੇ ਅਜੂਬਿਆਂ 'ਤੇ ਵੋਟਾਂ ਰਾਹੀਂ ਚੋਣ ਕੀਤੀ ਗਈ ਸੀ। ਹੋ ਸਕਦਾ ਹੈ ਕਰਨੈਲ ਸਿੰਘ ਮੇਰੇ ਲਈ ਮਿਸਰ ਦੇ ਪਿਰਾਮਿਡ ਦਾ ਖੂਬਸੂਰਤ ਮਾਡਲ ਲੈ ਕੇ ਆਇਆ ਹੋਵੇ ਅਤੇ ਇਹ ਮੇਰੇ ਲਈ ਤੋਹਫਾ ਹੋਵੇਗਾ। ਜਦੋਂ ਕਰਨੈਲ ਸਿੰਘ ਮਦਰਾਸ ਰਹਿੰਦਾ ਸੀ। ਮਦਰਾਸ ਦੇ ਮੈਰੀਨਾ 'ਤੇ ਬਣਦੇ ਸਮੁੰਦਰੀ ਘੋਗਿਆਂ ਦੇ ਦੋ ਡਿਜ਼ਾਇਨ ਲਿਆਇਆ ਸੀ। ਇਕ ਘੋਗੇ 'ਤੇ ਮੇਰਾ ਨਾਮ ਉਕਰਿਆ ਹੋਇਆ ਸੀ। ਦੂਜੇ ਘੋਗੇ 'ਤੇ ਲਿਖਿਆ ਸੀ- ਕੁਦਰਤ ਅਨੰਤ ਹੈ। ਕਰਨੈਲ ਸਿੰਘ ਨੇ ਕਾਗਜ਼ 'ਤੇ ਪੰਜਾਬੀ ਦੇ ਇਹ ਮੋਟੇ-ਮੋਟੇ ਅੱਖਰ ਲਿਖ ਦਿੱਤੇ ਸਨ ਤੇ ਤਾਮਿਲ ਡਿਜ਼ਾਇਨਕਾਰਾਂ ਨੇ, ਇਹ ਅੱਖਰ ਘੋਗਿਆਂ 'ਤੇ ਉਕਰ ਦਿੱਤੇ ਸਨ। ਕਰਨੈਲ ਸਿੰਘ ਦਾ ਫੋਨ ਆਇਆ। ਕੱਲ੍ਹ ਸਵੇਰੇ ਮੈਂ ਆ ਰਿਹਾ ਹਾਂ। ਤਿਆਰ ਰਹਿਣਾ। ਤੁਹਾਡੀਆਂ ਅੱਖਾਂ ਲੁਧਿਆਣਾ ਵਿਖੇ ਡਾਕਟਰ ਰਮੇਸ਼ ਨੂੰ ਵਿਖਾਉਣੀਆਂ ਹਨ। ਅੱਖਾਂ ਦੇ ਮਾਹਿਰ ਡਾਕਟਰ ਰਮੇਸ਼ ਨਾਲ ਮੈਂ ਗੱਲ ਕਰ ਲਈ ਹੈ। ਮੈਂ ਭੁੱਲ ਹੀ ਗਿਆ ਸਾਂ ਕਿ ਮੈਂ ਆਪਣੀ ਅੱਖਾਂ ਦੀ ਸਮੱਸਿਆ ਬਾਰੇ ਕਰਨੈਲ ਸਿੰਘ ਨੂੰ ਦੱਸਿਆ ਸੀ। ਕਰਨੈਲ ਸਿੰਘ ਚੰਡੀਗੜ੍ਹ ਤੋਂ ਕਾਰ ਲੈ ਕੇ ਆ ਗਿਆ। ਅਸੀਂ ਡਾਕਟਰ ਰਮੇਸ਼ ਦੇ ਅੱਖਾਂ ਦੇ ਹਸਪਤਾਲ ਵਿਚ ਲੁਧਿਆਣਾ ਪਹੁੰਚ ਗਏ। ਡਾਕਟਰ ਰਮੇਸ਼ ਨੇ ਜਾਂਚ ਕੀਤੀ। ਅੱਖਾਂ ਵਿਚ ਦਾਰੂ ਪਾਇਆ। ਟੀਕਾ ਲਗਾਇਆ। ਘੰਟੇ ਵਿਚ ਹੀ ਮੇਰੀ ਇਕ ਅੱਖ ਵਿਚ ਲੈਨਜ਼ ਫਿੱਟ ਕਰ ਦਿੱਤਾ- ਇਕ ਅੱਖ ਵਿਚ ਲੈਨਜ਼ ਪਾਉਣ ਦੀ ਫੀਸ ਨੌ ਹਜ਼ਾਰ ਰੁਪਏ ਤੋਂ ਘੱਟ ਨਹੀਂ ਸੀ, ਪਰ ਡਾਕਟਰ ਰਮੇਸ਼ ਨੇ ਮੇਰੇ ਪਾਸੋਂ ਕੋਈ ਪੈਸਾ ਨਹੀਂ ਲਿਆ। ਕਰਨੈਲ ਸਿੰਘ ਆਪਣੇ ਪਿੰਡ ਗੋਬਿੰਦਗੜ੍ਹ, ਰਾਏਕੋਟ ਵਿਖੇ, ਡਾਕਟਰ ਰਮੇਸ਼ ਦੀ ਟੀਮ ਦੇ ਕਈ ਅੱਖਾਂ ਦੇ ਮੁਫਤ ਕੈਂਪ ਲਗਵਾ ਚੁੱਕਾ ਸੀ। ਦੋ ਮਹੀਨੇ ਬਾਅਦ ਮੇਰੀ ਦੂਜੀ ਅੱਖ ਦਾ ਅਪ੍ਰੇਸ਼ਨ ਵੀ ਡਾਕਟਰ ਰਮੇਸ਼ ਨੇ ਕੀਤਾ। ਲੈਨਜ਼ ਫਿੱਟ ਕੀਤਾ। ਪਰ ਕੋਈ ਪੈਸਾ ਨਾ ਲਿਆ। ਬੱਸ ਇੰਨਾ ਕਿਹਾ ਕਿ ਤੁਸੀਂ ਲੇਖਕ ਹੋ ਡਾਇਰੈਕਟਰ ਸਾਹਿਬ ਕਰਨੈਲ ਸਿੰਘ ਸਮਾਜ ਸੇਵੀ ਹਨ। ਬੱਸ ਤੁਸੀਂ ਲੋਕ ਸੇਵਾ ਦੇ ਯੱਗ ਵਿਚ ਆਪਣਾ-ਆਪਣਾ ਹਿੱਸਾ ਪਾਈ ਜਾਓ। ਸ਼ਾਦੀ ਨੂੰ ਕਈ ਸਾਲ ਬੀਤ ਗਏ ਸਨ। ਬੇਟੀ ਨਵਸੰਗੀਤ ਨੇ ਕਦੀ ਕਿਸੇ ਚੀਜ਼ ਦੀ ਮੰਗ ਨਹੀਂ ਸੀ ਕੀਤੀ। ਉਦੋਂ ਨਵਸੰਗੀਤ ਜੰਮੂ ਦੇ ਨਾਨਕ ਨਗਰ ਵਿਖੇ ਰਹਿ ਰਹੀ ਸੀ। ਦੋਹਤੀ ਏਕਤਾ ਹਾਲੀ ਬਹੁਤ ਛੋਟੀ ਸੀ। ਕਰਨੈਲ ਸਿੰਘ ਅਕਸਰ ਕਈ ਕਈ ਦਿਨ ਬਾਹਰ ਡਿਊਟੀ 'ਤੇ ਰਹਿੰਦਾ ਸੀ। ਵਿਹਲੀ ਬੈਠਿਆਂ ਨਵਸੰਗੀਤ ਦਾ ਸਮਾਂ ਨਹੀਂ ਸੀ ਬੀਤਦਾ। ਕੁਝ ਸਿਊਣ, ਪਰੋਣ ਦਾ ਕੰਮ ਕਰਨ ਲਈ ਸਿਲਾਈ ਮਸ਼ੀਨ ਜ਼ਰੂਰੀ ਸੀ। ਮੈਂ ਆਪਣੇ ਸ਼ਹਿਰੋਂ ਦਿਦਾਰ ਸਿਲਾਈ ਮਸ਼ੀਨ ਦੀ ਦੁਕਾਨ ਤੋਂ ਸਿਲਾਈ ਮਸ਼ੀਨ ਖਰੀਦ ਕੇ ਘਰ ਲੈ ਆਂਦੀ ਸੀ। ਸੋਚਿਆ ਸੀ, ਕਰਨੈਲ ਸਿੰਘ ਨੇ ਅੰਬਾਲਾ ਤੋਂ ਆਉਣਾ ਹੀ ਸੀ, ਜਾਂਦਾ ਹੋਇਆ ਉਹ ਸਿਲਾਈ ਮਸ਼ੀਨ ਆਪਣੇ ਨਾਲ ਜੰਮੂ ਲੈ ਜਾਵੇਗਾ। ਸਿਲਾਈ ਮਸ਼ੀਨ ਪੈਕ ਕਰਕੇ ਮੈਂ ਕਰਨੈਲ ਸਿੰਘ ਦੀ ਕਾਰ ਦੀ ਡਿੱਗੀ ਵਿਚ ਰਖਵਾ ਦਿੱਤੀ ਸੀ। ਡਰਾਇਵਰ ਨੇ ਕਾਰ ਸਟਾਰਟ ਕੀਤੀ। ਕਰਨੈਲ ਸਿੰਘ ਪਿਛਲੀ ਸੀਟ 'ਤੇ ਬੈਠਾ ਸੀ। ਕਰਨੈਲ ਸਿੰਘ ਨੂੰ ਵਿੱਦਿਆ ਕਰਕੇ, ਵਾਪਸ ਮੁੜ ਕੇ, ਮੇਨ ਗੇਟ ਬੰਦ ਕਰਨ ਲੱਗਿਆਂ, ਗੇਟ ਦੇ ਪਿੱਛੇ ਦੇਖਿਆ, ਸਿਲਾਈ ਮਸ਼ੀਨ ਪੈਕ ਕੀਤੀ ਹੋਈ ਪਈ ਸੀ। ਜ਼ਾਹਰ ਸੀ ਕਰਨੈਲ ਸਿੰਘ ਨੇ ਸਿਲਾਈ ਮਸ਼ੀਨ ਲੈ ਕੇ ਜਾਣਾ ਪ੍ਰਵਾਨ ਨਹੀਂ ਸੀ ਕੀਤਾ। ਕਰਨੈਲ ਸਿੰਘ ਨੇ ਆਪਣੇ ਪਿੰਡ ਗੋਬਿੰਦਗੜ੍ਹ- ਰਾਏਕੋਟ, ਬਾਬਾ ਸੋਹਣ ਸਿੰਘ ਭਕਨਾ ਲਾਇਬ੍ਰੇਰੀ ਸਥਾਪਿਤ ਕਰਨ ਲਈ ਮੇਰੇ ਪਾਸੋਂ ਕਿਤਾਬਾਂ ਦੀ ਮੰਗ ਕੀਤੀ ਸੀ। ਮੈਂ ਆਪਣੀ ਨਿੱਜੀ ਲਾਇਬ੍ਰੇਰੀ ਵਿਚੋਂ ਸੌ ਤੋਂ ਵੱਧ ਕਿਤਾਬਾਂ ਕੱਢ ਕੇ ਬੋਰੀ ਵਿਚ ਪਾ ਕੇ ਰੱਖ ਦਿੱਤੀਆਂ। ਕਰਨੈਲ ਸਿੰਘ ਦਾ ਖਿਆਲ ਸੀ, ਗੋਬਿੰਦਗੜ੍ਹ ਦੇ ਨੇੜੇ ਦੇ ਪਿੰਡਾਂ ਸਹਿਬਾਜ਼ਪੁਰ, ਕਾਲਸਾਂ, ਰਾਜਗੜ੍ਹ, ਦੱਦਾਹੂਰ, ਜਲਾਲਦੀਵਾਦ, ਮਹਿਲ ਕਲਾਂ, ਦੇ ਲੋਕ ਵੀ ਇਸ ਲਾਇਬ੍ਰੇਰੀ ਤੋਂ ਲਾਭ ਉਠਾ ਸਕਣਗੇ। ਲਾਇਬ੍ਰੇਰੀ ਦਾ ਉਦਘਾਟਨ ਕਰਨਾ ਸੀ। ਮੈਨੂੰ ਵੀ ਬੁਲਾਇਆ ਗਿਆ ਸੀ। ਹਲਕੇ ਦਾ ਵਿਧਾਇਕ ਵੀ ਹਾਜ਼ਰ ਸੀ। ਪਿੰਡ ਦੇ ਮੋਹਤਬਰ ਸੱਜਣ ਵੀ ਹਾਜ਼ਰ ਸਨ। ਵਿਧਾਇਕ ਨੇ ਅਰੰਭਿਕ ਸ਼ਬਦ ਕਹੇ। ਪਿੰਡ ਦੇ ਸਰਪੰਚ ਨੇ ਕਿਹਾ ਕਿ ਲਾਇਬ੍ਰੇਰੀ ਦਾ ਉਦਘਾਟਨ ਵਿਦਵਾਨ ਪ੍ਰੋਫੈਸਰ ਸਾਹਿਬ ਕਰਨਗੇ। ਮੈਨੂੰ ਉਕਾ ਹੀ ਅਹਿਸਾਸ ਨਹੀਂ ਸੀ, ਨਾ ਹੀ ਮੈਨੂੰ ਪਹਿਲਾਂ ਦੱਸਿਆ ਗਿਆ ਸੀ ਕਿ ਉਦਘਾਟਨ ਕਰਨ ਲਈ ਮੈਨੂੰ ਕਿਹਾ ਜਾਵੇਗਾ। ਪਰ ਮੈਂ ਖੁਸ਼ ਸਾਂ। ਵੀਹ ਸਾਲ ਮੈਂ ਕਾਲਜ ਵਿਖੇ, ਪੜ੍ਹਾਉਣ, ਸਾਇਕਲ 'ਤੇ ਜਾਂਦਾ ਰਿਹਾ ਸਾਂ। ਰਿਟਾਇਰ ਹੋਣ ਤੋਂ ਬਾਅਦ ਵੀ ਮੈਂ ਸਾਇਕਲ 'ਤੇ ਹੀ ਬਾਜ਼ਾਰ ਜਾਂਦਾ ਸਾਂ। ਘੰਟਾ ਦੋ ਘੰਟੇ ਲਾਇਬ੍ਰੇਰੀ ਵਿਚ ਬੈਠ ਕੇ ਅਖ਼ਬਾਰ ਰਸਾਲੇ ਪੜ੍ਹਦਾ ਸਾਂ, ਪਰ ਹੁਣ ਮੇਰੇ ਪਾਸੋਂ ਸਾਇਕਲ ਚਲਾਉਣਾ ਵੀ ਮੁਹਾਲ ਹੋ ਗਿਆ ਸੀ। ਉਮਰ ਦਾ ਤਕਾਜ਼ਾ ਸੀ। ਪਿਛਲੇ ਕਾਫੀ ਦਿਨਾਂ ਤੋਂ ਤੋਹਫੇ ਵਾਲੀ ਗੱਲ ਮੇਰੇ ਦਿਮਾਗ ਵਿਚ ਵਾਰ-ਵਾਰ ਚੱਕਰ ਲਗਾ ਰਹੀ ਸੀ। ਮੈਨੂੰ ਯਾਦ ਆਇਆ ਕਿ ਕੁਝ ਮਹੀਨੇ ਪਹਿਲਾਂ ਇੱਕ ਸਪੈਸ਼ਲ ਪੈਕੇਜ਼ ਤਹਿਤ, ਬੇਟੀ ਨਵਸੰਗੀਤ ਤੇ ਕਰਨੈਲ ਸਿੰਘ, ਸਿੰਘਾਪੁਰ ਗਏ ਸਨ ਟੈਲੀਫੋਨ 'ਤੇ ਕਰਨੈਲ ਸਿੰਘ ਨੇ ਸਿੰਘਾਪੁਰ ਦੇ ਛੇ ਮੰਜ਼ਿਲਾਂ ਵਿਸ਼ਾਲ ਮੁਸਤਫ਼ਾ ਮਾਲ ਦੀ ਗੱਲ ਕੀਤੀ ਸੀ, ਜਿਸ ਵਿਚੋਂ ਸੰਸਾਰ ਦੀ ਹਰ ਚੀਜ਼ ਖ਼ਰੀਦੀ ਜਾ ਸਕਦੀ ਸੀ। ਮੇਰੇ ਲਈ ਸ਼ਾਇਦ ਉਹ ਸਿੰਘਾਪੁਰ ਤੋਂ ਤੋਹਫ਼ਾ ਲੈ ਕੇ ਆਏ ਹੋਣ। ਕੀ ਹੋ ਸਕਦਾ ਹੈ ਕਿ ਭਲਾ ਇਹ ਤੋਹਫ਼ੇ। ਮੇਰਾ ਖਿਆਲ ਹੈ ਖੂੰਡੀ ਹੋਵੇਗੀ। ਪਿਤਾ ਬੁੱਢਾ ਹੋ ਗਿਆ ਹੈ। ਚੱਲਣ ਲਈ ਸਹਾਰੇ ਦੀ ਲੋੜ ਹੈ। ਦਰਵਾਜ਼ਾ ਢੁੱਕਾ ਹੋਇਆ ਸੀ। ਉਹ ਦਰਵਾਜ਼ਾ ਖੋਲ੍ਹ ਕੇ ਅੰਦਰ ਆ ਗਿਆ। ਇਹ ਤਾਂ ਕਰਨੈਨ ਸਿੰਘ ਦਾ ਡਰਾਇਵਰ ਸੀ। ਪਹਿਲਾਂ ਵੀ ਉਹ ਇੱਥੇ ਆ ਚੁੱਕਾ ਸੀ। ਮੇਰੀ ਨੂੰਹ ਇੰਦਰਜੀਤ ਕੌਰ ਨੂੰ ਉਸ ਨੇ ਕਿਹਾ ਕਿ ਬੀਬੀ ਜੀ, ਥੋੜਾ ਜਿਹਾ ਸਰੋਂ ਦਾ ਤੇਲ ਲੈ ਕੇ ਗੇਟ ਨੇੜੇ ਆਓ। ਦਰਵਾਜ਼ੇ ਤੋਂ ਬਾਹਰ ਮਾਰੂਤੀ ਕਾਰ ਖੜ੍ਹੀ ਸੀ। ਨੰਬਰ ਡੀਐਲ 4 ਸੀ ਐਚ 7112 ਕਾਰ ਗੇਟ ਅੰਦਰ ਲੰਘਾ ਕੇ ਡਰਾਇਵਰ ਨੇ ਮੈਨੂੰ ਕਿਹਾ ਕਿ ਆ ਲਵੋਂ ਕਾਰ ਦੀਆਂ ਚਾਬੀਆਂ ਤੇ ਕਾਗਜ਼ ਪੱਤਰ, ਕਾਰ ਤੁਹਾਡੇ ਨਾਮ ਹੈ। ਡਾਇਰੈਕਟਰ ਸਾਹਿਬ ਨੇ

ਕੈਨੇਡਾ ਵੱਡੀ ਗਿਣਤੀ 'ਚ ਵਿਜ਼ਟਰ ਵੀਜ਼ੇ ਜਾਰੀ ਕਰ ਕੇ ਫ਼ਸਿਆ

ਮਿਸੀਸਾਗਾ , 25 ਅਪ੍ਰੈਲ (ਪ੍ਰਤੀਨਿਧੀ) : ਵਿਜ਼ਟਰ ਵੀਜ਼ੇ ਦੀਆਂ ਸ਼ਰਤਾਂ 'ਚ ਢਿੱਲ ਦੇ ਕੇ ਕੈਨੇਡਾ ਕੁੜਿਕੀ 'ਚ ਫ਼ਸਿਆ ਮਹਿਸੂਸ ਕਰ ਰਿਹਾ ਹੈ, ਅਤੇ ਹੁਣ ਉਸ ਦੇ ਸਿੱਟੇ ਵੀ ਸਾਹਮਣੇ ਆਉਣੇ ਸ਼ੁਰੂ ਹੋ ਗਏ ਹਨ। ਸਥਾਨਕ ਅਖ਼ਬਾਰ ਦਾ ਟੋਰੌਂਟੋ ਸਟਾਰ ਵਲੋਂ ਸਰਕਾਰੀ ਦਸਤਾਵੇਜ਼ਾਂ ਦੇ ਹਵਾਲੇ ਨਾਲ ਪ੍ਰਕਾਸ਼ਿਤ ਇੱਕ ਰਿਪੋਰਟ ਅਨੁਸਾਰ ਸਪੈਸ਼ਲ ਪ੍ਰੋਗਰਾਮ ਦੌਰਾਨ ਵਿਜ਼ਟਰ ਵੀਜ਼ਾ ਹਾਸਿਲ ਕਰਨ ਵਾਲੇ ਇੱਕ ਲੱਖ 52 ਹਜ਼ਾਰ 400 ਜਣਿਆਂ 'ਚੋਂ 19 ਹਜ਼ਾਰ 400 ਨੇ ਕੈਨੇਡਾ 'ਚ ਪਨਾਹ ਦਾ ਦਾਅਵਾ ਪੇਸ਼ ਕਰ ਦਿੱਤਾ ਹੈ। ਇਸ ਤੋਂ ਛੁੱਟ, ਸੁਪਰ ਵੀਜ਼ਾ 'ਤੇ ਆਏ ਕੁਝ ਵਿਦੇਸ਼ੀ ਨਾਗਰਿਕ ਵੀ ਪੱਕੇ ਤੌਰ 'ਤੇ ਕੈਨੇਡਾ 'ਚ ਹੀ ਰਹਿਣਾ ਚਾਹੁੰਦੇ ਹਨ।

ਪਨਾਹ ਦੇ ਕੇਸਾਂ 'ਚ ਵਾਧਾ

ਇਮੀਗ੍ਰੇਸ਼ਨ ਮਾਹਿਰਾਂ ਮੁਤਾਬਿਕ ਇਹ ਅੰਕੜਾ ਬਹੁਤ ਜ਼ਿਆਦਾ ਬਣਦਾ ਹੈ ਕਿਉਂਕਿ 2019 ਤਕ 57 ਲੱਖ ਟੈਂਪਰੇਰੀ ਰੈਜ਼ੀਡੈਂਟ ਵੀਜ਼ੇ ਜਾਰੀ ਕੀਤੇ ਗਏ ਜਿਨ੍ਹਾਂ 'ਚੋਂ 58 ਹਜ਼ਾਰ 378 ਨੇ ਮੁਲਕ 'ਚ ਪਨਾਹ ਮੰਗ ਲਈ। ਇਸ ਅੰਕੜੇ 'ਚ ਅੰਤਰਰਾਸ਼ਟਰੀ ਵਿਦਿਆਰਥੀ, ਵਿਦੇਸ਼ੀ ਕਾਮੇ ਅਤੇ ਅਮਰੀਕਾ ਦੇ ਰਸਤੇ ਕੈਨੇਡਾ 'ਚ ਗ਼ੈਰਕਾਨੂੰਨੀ ਢੰਗ ਨਾਲ ਦਾਖ਼ਲ ਹੋਏ ਪਰਵਾਸੀ ਵੀ ਸ਼ਾਮਿਲ ਸਨ ਜਿਸ ਦੇ ਮੱਦੇਨਜ਼ਰ ਵਿਜ਼ਟਰ ਵੀਜ਼ਿਆਂ 'ਤੇ ਆਏ ਲੋਕਾਂ ਵਲੋਂ ਪਨਾਹ ਮੰਗਣ ਦਾ ਅੰਕੜਾ ਜ਼ਿਆਦਾ ਨਹੀਂ ਬਣਦਾ। ਕੈਨੇਡਾ 'ਚ 2023 ਦੌਰਾਨ ਇੱਕ ਲੱਖ 38 ਹਜ਼ਾਰ ਸ਼ਰਣਾਰਥੀ ਦਾਅਵੇ ਦਾਖਲ ਕੀਤੇ ਗਏ ਜਿਨ੍ਹਾਂ ਵਿਜ਼ਟਰ ਵੀਜ਼ਿਆਂ ਵਾਲੇ ਤਕਰੀਬਨ 14 ਫ਼ੀਸਦੀ ਬਣਦੇ ਹਨ। ਇਹ ਅੰਕੜਾ ਹੋਰ ਵਧਣ ਦਾ ਖ਼ਦਸ਼ਾ ਜ਼ਾਹਿਰ ਕੀਤਾ ਜਾ ਰਿਹਾ ਹੈ ਕਿਉਂਕਿ ਵੀਜ਼ਾ ਐਕਸਪਾਇਰ ਹੋਣ ਦੀ ਸੂਰਤ 'ਚ ਹੋਰ ਜ਼ਿਆਦਾ ਵਿਦੇਸ਼ੀ ਨਾਗਰਿਕ ਰੈਫ਼ਿਊਜੀ ਕਲੇਮ ਦਾਇਰ ਕਰਨਗੇ। ਵਰਣਨਯੋਗ ਹੈ ਕਿ ਵਿਜ਼ਟਰ ਵੀਜ਼ਿਆਂ ਦਾ ਸਪੈਸ਼ਲ ਪ੍ਰੋਗਰਾਮ ਪਿੱਛਲੀ ਦਸੰਬਰ 'ਚ ਹੀ ਖ਼ਤਮ ਹੋ ਗਿਆ ਸੀ। ਉਸ ਪ੍ਰੋਗਰਾਮ ਤਹਿਤ ਛੇ ਮਹੀਨੇ ਦਾ ਵੀਜ਼ਾ ਦਿੱਤਾ ਜਾਂਦਾ ਸੀ। ਆਉਣ ਵਾਲੇ ਦਿਨਾਂ 'ਚ ਹਜ਼ਾਰਾਂ ਵਿਦੇਸ਼ੀਆਂ ਦੇ ਵੀਜ਼ੇ ਖ਼ਤਮ ਹੋਣ ਵਾਲੇ ਹਨ, ਅਤੇ ਅਸਾਇਲਮ ਦੇ ਦਾਅਵਿਆਂ 'ਚ ਚੋਖਾ ਵਾਧਾ ਹੋਣ ਦੇ ਕਿਆਸ ਲਗਾਏ ਜਾ ਰਹੇ ਹਨ।

14 ਫ਼ੀਸਦੀ ਲੋਕ ਵਾਪਿਸ ਜਾਣ ਨੂੰ ਨਹੀਂ ਤਿਆਰ

ਇੱਥੇ ਦੱਸ ਦਈਏ ਕਿ 28 ਫ਼ਰਵਰੀ 2023 ਤੋਂ 7 ਦਸੰਬਰ 2023 ਦੌਰਾਨ ਲਾਗੂ ਰਹੇ ਸਪੈਸ਼ਲ ਪ੍ਰੋਗਰਾਮ ਦੌਰਾਨ ਵਿੱਤੀ ਸਰੋਤਾਂ ਦੇ ਸਬੂਤ ਪੇਸ਼ ਕਰਨ ਦੀ ਕੋਈ ਬੰਦਿਸ਼ ਨਹੀਂ ਸੀ। ਸਪੈਸ਼ਲ ਪ੍ਰੋਗਰਾਮ ਲਾਗੂ ਕਰਦਿਆਂ ਇਮੀਗ੍ਰੇਸ਼ਨ ਮੰਤਰੀ ਨੇ ਇੱਕ ਸਰਕਾਰੀ ਨੋਟ 'ਚ ਲਿਖਿਆ ਸੀ, "ਕੋਰੋਨਾ ਮਹਾਂਮਾਰੀ ਲੰਘ ਚੁੱਕੀ ਹੈ ਅਤੇ ਕੌਮਾਂਤਰੀ ਆਵਾਜਾਈ 'ਚ ਤੇਜ਼ੀ ਆ ਰਹੀ ਹੈ ਜਿਸ ਦੇ ਮੱਦੇਨਜ਼ਰ ਮੁਲਕ ਦੇ ਅਰਥਚਾਰੇ ਵੱਲ ਧਿਆਨ ਕੇਂਦ੍ਰਿਤ ਕੀਤਾ ਜਾ ਰਿਹਾ ਹੈ। ਸੈਲਾਨੀਆਂ, ਕਾਰੋਬਾਰੀਆਂ ਅਤੇ ਫ਼ੈਮਿਲੀ ਵਿਜ਼ਟਰਜ਼ ਦੀ ਆਵਾਜਾਈ ਦਾ ਫ਼ਾਇਦਾ ਲੈਣ ਵਾਸਤੇ ਵੀਜ਼ਾ ਪ੍ਰੋਸੈੱਸਿੰਗ ਦਾ ਸਮਾਂ ਘਟਾਇਆ ਜਾ ਰਿਹਾ ਹੈ।"

ਦੂਜੇ ਪਾਸੇ ਕੈਨੇਡੀਅਨ ਐਸੋਸੀਏਸ਼ਨ ਔਫ਼ ਰੈਫ਼ਿਊਜੀ ਲਾਅਇਰਜ਼ ਦੇ ਬੁਲਾਰੇ ਅਤੇ ਇਮੀਗ੍ਰੇਸ਼ਨ ਵਕੀਲ ਐਡਮ ਸੈਡਿੰਸਕੀ ਨੇ ਕਿਹਾ ਕਿ ਅਸਲੀਅਤ ਇਹ ਹੈ, "ਜਦੋਂ ਲੋਕ ਆਵਾਜਾਈ ਕਰਨ ਤੋਂ ਅਸਮਰੱਥ ਸਨ ਤਾਂ ਉਨ੍ਹਾਂ ਨੂੰ ਆਪਣੇ ਜੱਦੀ ਮੁਲਕਾਂ 'ਚ ਵਧੀਕੀਆਂ ਬਰਦਾਸ਼ਤ ਕਰਨੀਆਂ ਪਈਆਂ। ਆਖਿਰਕਾਰ ਜਦੋਂ ਉਨ੍ਹਾਂ ਨੂੰ ਮੌਕਾ ਮਿਲਿਆ ਤਾਂ ਉਨ੍ਹਾਂ ਨੇ ਕੈਨੇਡਾ 'ਚ ਆ ਕੇ ਪਨਾਹ ਮੰਗ ਲਈ। ਇਹ ਇੱਕ ਕੁਦਰਤੀ ਵਰਤਾਰਾ ਹੈ ਕਿ ਵਿਜ਼ਟਰ ਵੀਜ਼ਾ ਲੈ ਕੇ ਕੈਨੇਡਾ ਆਉਣ ਵਾਲਿਆਂ 'ਚੋਂ ਕਈਆਂ ਦਾ ਮਕਸਦ ਇਥੇ ਪਨਾਹ ਹਾਸਿਲ ਕਰਨਾ ਹੀ ਹੁੰਦਾ ਹੈ। ਇਸ ਤੋਂ ਇਲਾਵਾ ਜਦੋਂ ਵਿਜ਼ਟਰ ਵੀਜ਼ਾਂ ਦੇ ਨਿਯਮਾਂ 'ਚ ਢਿੱਲ ਦਿਤੀ ਗਈ, ਓਦੋਂ ਹੀ ਔਟਵਾ ਅਤੇ ਵਾਸ਼ਿੰਗਟਨ ਵਲੋਂ ਦੁਵੱਲੇ ਸਰਹੱਦੀ ਸਮਝੌਤੇ ਦਾ ਘੇਰਾ ਵਧਾ ਦਿਤਾ ਗਿਆ ਜਦ ਕਿ ਇਸ ਤੋਂ ਪਹਿਲਾਂ ਜ਼ਮੀਨੀ ਰਸਤੇ ਆਉਣ ਵਾਲਿਆਂ ਦੀ ਗਿਣਤੀ ਜ਼ਿਆਦਾ ਹੁੰਦੀ ਸੀ। ਕੈਲਗਰੀ ਦੇ ਇੱਕ ਵਕੀਲ ਰਾਜ ਸ਼ਰਮਾ ਨੇ ਇਸ ਬਾਰੇ ਕਿਹਾ ਕਿ ਫ਼ੈਡਰਲ ਸਰਕਾਰ ਕੋਲ ਕਈ ਰਾਹ ਮੌਜੂਦ ਹੁੰਦੇ ਹਨ ਜਿਨ੍ਹਾਂ 'ਚ ਅਰਜ਼ੀਆਂ ਵਾਪਿਸ ਕਰਨਾ ਅਤੇ ਬੈਕਲੌਗ 'ਚ ਫ਼ਸੇ ਐਪਲੀਕੈਂਟਸ ਨੂੰ ਵੀਜ਼ਾ ਫ਼ੀਸਾਂ ਵਾਪਿਸ ਕਰਨੀਆਂ ਸ਼ਾਮਿਲ ਹੈ ਜਾਂ ਸਿੱਧੇ ਤੌਰ 'ਤੇ ਐਲਾਲ ਕਰ ਦਿਤਾ ਜਾਵੇ ਕਿ ਬੈਕਲੌਗ ਕਾਫ਼ੀ ਵਧ ਚੁੱਕਾ ਹੈ ਅਤੇ ਜੇ ਕੋਈ ਉਡੀਕ ਕਰ ਸਕਦਾ ਹੈ ਤਾਂ ਠੀਕ ਹੈ। ਇਸ ਵੇਲੇ ਕੈਨੇਡਾ ਦੇ ਇਮੀਗ੍ਰੇਸ਼ਨ ਵਿਭਾਗ ਕੋਲ 11 ਲੱਖ 44 ਹਜ਼ਾਰ ਅਰਜ਼ੀਆਂ ਬਕਾਇਆ ਹਨ, ਅਤੇ ਇਹ ਅੰਕੜਾ ਫ਼ਰਵਰੀ 2023 ਦੇ ਮੁਕਾਬਲੇ 64 ਫ਼ੀਸਦੀ ਹੇਠਾਂ ਆਇਆ ਹੈ।

ਐਨ.ਡੀ.ਪੀ. ਆਗੂ ਜਗਮੀਤ ਸਿੰਘ ਦੇ ਫ਼ੈਸਲੇ ਨਾਲ ਟਰੂਡੋ ਸਰਕਾਰ ਸੰਕਟ 'ਚ

ਓਟਾਵਾ , 25 ਅਪ੍ਰੈਲ (ਪ੍ਰਤੀਨਿਧੀ) : ਜਸਟਿਨ ਟਰੂਡੋ ਦੀ ਸਰਕਾਰ ਇੱਕ ਵੱਡੇ ਸੰਕਟ 'ਚ ਘਿਰਦੀ ਨਜ਼ਰ ਆ ਰਹੀ ਹੈ। ਜੀ ਹਾਂ, NDP ਆਗੂ ਜਗਮੀਤ ਸਿੰਘ ਨੇ ਕਿਹਾ ਹੈ ਕਿ ਉਸ ਦੀ ਪਾਰਟੀ ਵਲੋਂ ਫ਼ੈੱਡਰਲ ਬਜਟ ਦੇ ਹੱਕ 'ਚ ਵੋਟ ਪਾਉਣ ਬਾਰੇ ਫ਼ਿਲਹਾਲ ਕੋਈ ਫ਼ੈਸਲਾ ਨਹੀਂ ਲਿਆ ਗਿਆ। ਸਿਆਸੀ ਮਾਹਰਾਂ ਦਾ ਕਹਿਣਾ ਹੈ ਕਿ ਭਾਵੇਂ ਘੱਟ-ਗਿਣਤੀ ਲਿਬਰਲ ਸਰਕਾਰ ਅਤੇ NDP ਦਾ ਸਮਝੌਤਾ ਅਗਲੇ ਸਾਲ ਜੂਨ 'ਚ ਖ਼ਤਮ ਹੋਣਾ ਹੈ, ਪਰ ਜਗਮੀਤ ਸਿੰਘ ਚਾਹੇ ਤਾਂ ਪਹਿਲਾਂ ਵੀ ਸਮਝੌਤਾ ਤੋੜ ਸਕਦਾ ਹੈ, ਅਤੇ ਜਸਟਿਨ ਟਰੂਡੋ ਨੂੰ ਸਰਕਾਰ ਬਚਾਉਣ ਲਈ ਕਿਬੈਕ ਸੂਬੇ ਦੀ ਸਿਆਸੀ ਪਾਰਟੀ ਬਲੌਕ ਕਿਬੈਕਵਾ ਨਾਲ ਨੇੜਤਾ ਵਧਾਉਣ ਲਈ ਮਜਬੂਰ ਹੋਣਾ ਪੈ ਸਕਦਾ ਹੈ।

ਨਹੀਂ ਲਿਆ ਫ਼ੈਸਲਾ

ਭਾਵੇਂ ਜਗਮੀਤ ਸਿੰਘ ਦੀ ਮੰਗ ਮੁਤਾਬਿਕ ਬਜਟ 'ਚ ਨੈਸ਼ਨਲ ਫ਼ਾਰਮਾਕੇਅਰ ਪ੍ਰੋਗਰਾਮ ਅਤੇ ਨੈਸ਼ਨਲ ਸਕੂਲ ਫੂਡ ਪ੍ਰੋਗਰਾਮ ਨੂੰ ਸ਼ਾਮਿਲ ਕੀਤਾ ਗਿਆ ਹੈ, ਪਰ ਜਗਮੀਤ ਸਿੰਘ ਨੇ ਕਿਹਾ ਕਿ ਬਜਟ ਨਾਲ ਸਬੰਧਤ ਉਨ੍ਹਾਂ ਦੀਆਂ ਕਈ ਚਿੰਤਾਵਾਂ ਹਾਲੇ ਵੀ ਬਾਕੀ ਹਨ। ਜਗਮੀਤ ਸਿੰਘ ਨੇ ਮਿਸਾਲ ਵਜੋਂ ਨੈਸ਼ਨਲ ਡਿਸਐਬੀਲਿਟੀ ਬੈਨੇਫ਼ਿਟ ਦਾ ਜ਼ਿਕਰ ਕੀਤਾ ਜਿਸ ਲਈ ਘੱਟ ਫ਼ੰਡ ਰਾਖਵੇਂ ਰੱਖੇ ਗਏ ਹਨ। ਉਨ੍ਹਾਂ ਅੱਗੇ ਕਿਹਾ ਕਿ ਉਹ ਆਪਣੀਆਂ ਚਿੰਤਾਵਾਂ ਦਾ ਜਵਾਬ ਪ੍ਰਧਾਨ ਮੰਤਰੀ ਤੋਂ ਚਾਹੁੰਦੇ ਹਨ ਅਤੇ ਉਸ ਤੋਂ ਬਾਅਦ ਹੀ ਕੋਈ ਫ਼ੈਸਲਾ ਲਿਆ ਜਾਵੇਗਾ। ਇਸੇ ਦੌਰਾਨ ਵਿੱਤ ਮੰਤਰੀ ਕ੍ਰਿਸਟੀਆ ਫ਼ਰੀਲੈਂਡ ਨੇ ਕਿਹਾ ਕਿ ਉਨ੍ਹਾਂ ਵਲੋਂ NDP ਦੇ ਵਿੱਤੀ ਮਾਮਲਿਆਂ ਬਾਰੇ ਆਲੋਚਕ ਡੌਨ ਡੇਵੀਜ਼ ਨਾਲ ਬਜਟ ਦੇ ਮਸਲੇ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ।

ਤਿੰਨ ਪ੍ਰਮੁੱਖ ਪਾਰਟੀਆਂ ਪਹਿਲਾਂ ਹੀ ਵਿਰੋਧ 'ਚ

ਜਗਮੀਤ ਨੇ ਉਮੀਦ ਜ਼ਾਹਿਰ ਕੀਤੀ ਕਿ ਹਰ ਪਾਰਟੀ ਦੇ MPs ਬਜਟ 'ਚ ਸ਼ਾਮਿਲ ਤਜਵੀਜ਼ਾਂ ਦੀ ਹਮਾਇਤ ਕਰਨਗੇ। ਕੰਜ਼ਰਵੇਟਿਵ ਪਾਰਟੀ, ਬਲੌਕ ਕਿਬੈਕਵਾ ਅਤੇ ਗਰੀਨ ਪਾਰਟੀ ਪਹਿਲਾਂ ਹੀ ਆਖ ਚੁੱਕੇ ਹਨ ਕਿ ਉਹ ਬਜਟ ਦੀ ਹਿਮਾਇਤ 'ਚ ਵੋਟ ਨਹੀਂ ਪਾਉਣਗੇ। ਦੱਸ ਦੇਈਏ ਕਿ ਜਗਮੀਤ ਸਿੰਘ ਪਹਿਲਾਂ ਵੀ ਕਈ ਮੌਕਿਆਂ 'ਤੇ ਸਰਕਾਰ ਤੋਂ ਹਮਾਇਤ ਵਾਪਿਸ ਲੈਣ ਦੀ ਗੱਲ ਆਖ ਚੁੱਕਾ ਹੈ। ਤਾਜ਼ਾ ਮਾਮਲਾ ਫ਼ਾਰਮਾਕੇਅਰ ਦੇ ਮੁੱਦੇ 'ਤੇ ਸਾਹਮਣੇ ਆਇਆ ਸੀ, ਅਤੇ ਜਗਮੀਤ ਸਿੰਘ ਨੇ ਧਮਕੀ ਦਿਤੀ ਸੀ ਕਿ 31 ਮਾਰਚ ਤਕ ਫ਼ਾਰਮਾਕੇਅਰ ਬਿਲ ਪੇਸ਼ ਨਾ ਕੀਤਾ ਗਿਆ ਤਾਂ NDP ਸਰਕਾਰ ਤੋਂ ਹਮਾਇਤ ਵਾਪਿਸ ਲੈ ਲਵੇਗੀ।

ਸਕਾਟਿਸ਼ ਸਿੱਖ ਕਲਾਕਾਰ ਵੱਕਾਰੀ 'ਟਰਨਰ' ਇਨਾਮ ਲਈ ਚੋਟੀ ਦੇ ਪ੍ਰਤੀਯੋਗੀਆਂ 'ਚ

ਲੰਡਨ , 25 ਅਪ੍ਰੈਲ (ਪ੍ਰਤੀਨਿਧੀ) : ਗਲਾਸਗੋ 'ਚ ਜਨਮੀ ਸਿੱਖ ਕਲਾਕਾਰ ਜਸਲੀਨ ਕੌਰ ਨੂੰ UK ਦੇ ਵੱਕਾਰੀ ਟਰਨਰ ਪੁਰਸਕਾਰ ਲਈ ਚਾਰ ਫ਼ਾਈਨਲਿਸਟਾਂ 'ਚ ਸ਼ਾਮਿਲ ਕੀਤਾ ਗਿਆ। ਇਸ ਸਾਲ ਪੁਰਸਕਾਰ ਨੂੰ 40 ਸਾਲ ਪੂਰੇ ਹੋ ਰਹੇ ਹਨ। ਜਸਲੀਨ ਕੌਰ ਦੀਆਂ ਰਚਨਾਵਾਂ ਸਕਾਟਲੈਂਡ ਦੇ ਸਿੱਖ ਭਾਈਚਾਰੇ ਦੇ ਜੀਵਨ ਤੋਂ ਪ੍ਰੇਰਿਤ ਹਨ। ਜਸਲੀਨ ਕੌਰ (30) ਨੂੰ ਗਲਾਸਗੋ ਦੇ ਟਰੈਮਵੇ ਆਰਟਸ ਸੈਂਟਰ ਵਿਖੇ ਆਲਟਰ ਐਲਟਰ ਸਿਰਲੇਖ ਵਾਲੀ ਆਪਣੀ ਇਕੱਲੀ ਪ੍ਰਦਰਸ਼ਨੀ ਲਈ ਨਾਮਜ਼ਦ ਕੀਤਾ ਗਿਆ ਹੈ।

ਲੰਡਨ 'ਚ ਰਹਿ ਰਹੀ ਜਸਲੀਨ ਕੌਰ ਨੇ ਪ੍ਰਦਰਸ਼ਨੀ 'ਚ ਆਪਣੀਆਂ ਕਲਾਤਮਕ ਰਚਨਾਵਾਂ ਲਈ ਆਪਣੇ ਪਰਿਵਾਰਕ ਜੀਵਨ ਦੀਆਂ ਵਸਤੂਆਂ ਦੀ ਵਰਤੋਂ ਕੀਤੀ। ਕੌਰ ਦੇ ਨਾਲ ਕਲਾਕਾਰਾਂ ਪਿਓ ਅਬਾਦ, ਕਲਾਉਡੇਟ ਜੌਨਸਨ ਅਤੇ ਡੇਲਾਨੇ ਲੀ ਬਾਸ ਨੂੰ ਵੀ ਪੁਰਸਕਾਰ ਲਈ ਚਾਰ ਫ਼ਾਈਨਲਿਸਟਾਂ 'ਚ ਸ਼ਾਮਿਲ ਕੀਤਾ ਗਿਆ ਹੈ।

ਜੇਤੂ ਦਾ ਐਲਾਨ 3 ਦਸੰਬਰ ਨੂੰ ਇੱਕ ਅਵਾਰਡ ਸਮਾਰੋਹ 'ਚ ਕੀਤਾ ਜਾਵੇਗਾ। ਇਸ ਐਵਾਰਡ ਤਹਿਤ ਜੇਤੂ ਨੂੰ 25 ਹਜ਼ਾਰ ਪਾਊਂਡਜ਼ ਜਦ ਕਿ ਬਾਕੀ ਤਿੰਨ ਕਲਾਕਾਰਾਂ ਨੂੰ 10 ਹਜ਼ਾਰ ਪਾਊਂਡਜ਼ ਦਿੱਤੇ ਜਾਣਗੇ।

ਸਾਰੇ ਚਾਰ ਕਲਾਕਾਰਾਂ ਦੀਆਂ ਰਚਨਾਵਾਂ ਦੀ ਇੱਕ ਪ੍ਰਦਰਸ਼ਨੀ 25 ਸਤੰਬਰ ਤੋਂ ਲੰਡਨ ਦੇ ਇੱਕ ਅਜਾਇਬ ਘਰ 'ਚ ਆਯੋਜਿਤ ਕੀਤੀ ਜਾਵੇਗੀ ਅਤੇ ਅਗਲੇ ਸਾਲ ਫ਼ਰਵਰੀ ਦੇ ਅੱਧ ਤਕ ਚੱਲੇਗੀ। ਇਸ ਐਵਾਰਡ ਦੀ ਸਥਾਪਨਾ 1984 'ਚ ਕੀਤੀ ਗਈ ਸੀ, ਅਤੇ ਇਸ ਦਾ ਨਾਮ ਚਿੱਤਰਕਾਰ ਜੇ. ਐੱਮ. ਡਬਲਯੂ. ਟਰਨਰ (1775-1851) ਦੇ ਨਾਮ 'ਤੇ ਰੱਖਿਆ ਗਿਆ ਸੀ। ਇਸ ਤਹਿਤ ਹਰ ਸਾਲ ਬ੍ਰਿਟਿਸ਼ ਕਲਾਕਾਰ ਨੂੰ ਉਸ ਦੇ ਕੰਮ ਦੀ ਸ਼ਾਨਦਾਰ ਪ੍ਰਦਰਸ਼ਨੀ ਜਾਂ ਹੋਰ ਪੇਸ਼ਕਾਰੀ ਲਈ ਸਨਮਾਨਿਤ ਕੀਤਾ ਜਾਂਦਾ ਹੈ। ਇਸ ਦਾ ਉਦੇਸ਼ ਸਮਕਾਲੀ ਬ੍ਰਿਟਿਸ਼ ਕਲਾ 'ਚ ਨਵੇਂ ਵਿਕਾਸ ਦੀ ਜਨਤਕ ਚਰਚਾ ਨੂੰ ਉਤਸ਼ਾਹਿਤ ਕਰਨਾ ਹੈ।

ਕੈਨੇਡਾ ਤੋਂ ਅਮਰੀਕਾ 'ਚ ਦਾਖਲ ਹੋਣ ਵਾਲੇ ਭਾਰਤੀਆਂ ਦੀ ਗਿਣਤੀ 'ਚ ਵਾਧਾ

ਬਰੈਂਪਟਨ , 25 ਅਪ੍ਰੈਲ (ਪ੍ਰਤੀਨਿਧੀ) : ਕੈਨੇਡਾ ਤੋਂ ਅਮਰੀਕਾ 'ਚ ਦਾਖਲ ਹੋਣ ਦੀ ਕੋਸ਼ਿਸ਼ ਕਰਨ ਵਾਲੇ ਗ਼ੈਰ-ਦਸਤਾਵੇਜ਼ ਭਾਰਤੀ ਪਰਵਾਸੀਆਂ ਦੀ ਗਿਣਤੀ 'ਚ ਕਾਫ਼ੀ ਵਾਧਾ ਹੋਇਆ ਹੈ। ਅੰਕੜਿਆਂ ਦੇ ਅਨੁਸਾਰ 2023 'ਚ 30 ਹਜ਼ਾਰ ਭਾਰਤੀ ਨਾਗਰਿਕ ਫ਼ੜੇ ਗਏ ਸਨ। US ਕਸਟਮਜ਼ ਐਂਡ ਬਾਰਡਰ ਪ੍ਰੋਟੈਕਸ਼ਨ ਨੇ ਇੱਕ ਰਿਪੋਰਟ 'ਚ ਕਿਹਾ ਹੈ ਕਿ 2021 ਵਿੱਚ ਮਹਾਂਮਾਰੀ ਦੇ ਸਮੇਂ ਇਹ ਗਿਣਤੀ ਸਿਰਫ਼ 2,225 ਸੀ। 1 ਅਕਤੂਬਰ ਤੋਂ ਸ਼ੁਰੂ ਹੋਏ ਇਸ ਵਿੱਤੀ ਸਾਲ 'ਚ 16 ਹਜ਼ਾਰ 622 ਹੋਰ ਵੀ ਆਏ ਹਨ।

ਭਾਰਤੀਆਂ ਦਾ ਅਮਰੀਕਾ 'ਚ ਗ਼ੈਰ-ਦਸਤਾਵੇਜ਼ੀ ਪਰਵਾਸੀਆਂ ਦਾ ਤੀਜਾ ਸਭ ਤੋਂ ਵੱਡਾ ਸਮੂਹ ਹੈ, ਜਿਸ ਦੀ ਅਗਵਾਈ ਫ਼ਿਕਸਰਾਂ ਦੁਆਰਾ ਕੀਤੀ ਜਾ ਰਹੀ ਹੈ ਜੋ ਲੋਕਾਂ ਨੂੰ ਗ਼ੈਰ-ਕਾਨੂੰਨੀ ਢੰਗ ਨਾਲ ਸੰਯੁਕਤ ਰਾਜ ਅਮਰੀਕਾ ਤਕ ਪਹੁੰਚਣ 'ਚ ਮਦਦ ਕਰਨ ਲਈ ਇੱਕ ਲੱਖ ਡਾਲਰ ਤਕ ਵਸੂਲਦੇ ਹਨ। ਕੁਝ ਪਰਵਾਸੀ ਮੈਕਸੀਕੋ ਜਾਂ ਕੈਨੇਡਾ ਪਹੁੰਚਣ ਤੋਂ ਪਹਿਲਾਂ ਕਈ ਦੇਸ਼ਾਂ ਵਿੱਚੋਂ ਲੰਘਦੇ ਹਨ ਅਤੇ ਫ਼ਿਰ ਆਖ਼ਰਕਾਰ ਅਮਰੀਕਾ ਦੀ ਸਰਹੱਦ ਪਾਰ ਕਰਦੇ ਹਨ। ਮੈਰੀਲੈਂਡ ਸਥਿਤ ਇੱਕ ਇਮੀਗ੍ਰੇਸ਼ਨ ਵਕੀਲ ਚਿਰਾਗ ਪਟੇਲ ਨੇ ਕਿਹਾ ਕਿ ਨੇੜੇ ਆ ਰਹੀਆਂ ਚੋਣਾਂ ਹੋਰ ਲੋਕਾਂ ਨੂੰ ਕ੍ਰੌਸ ਕਰਨ ਲਈ ਪ੍ਰੇਰਿਤ ਕਰ ਸਕਦੀਆਂ ਹਨ। ਭਾਰਤੀ ਦੂਤਘਰ ਨੇ ਕਾਨੂੰਨੀ ਦਾਖਲੇ ਦੀ ਸਹੂਲਤ ਦਿੰਦੇ ਹੋਏ ਗ਼ੈਰ-ਕਾਨੂੰਨੀ ਇਮੀਗ੍ਰੇਸ਼ਨ ਅਤੇ ਮਨੁੱਖੀ ਤਸਕਰੀ ਨਾਲ ਨਜਿੱਠਣ ਲਈ ਅਮਰੀਕੀ ਸਰਕਾਰ ਨਾਲ ਸਹਿਯੋਗ ਕਰਨ ਦਾ ਵਾਅਦਾ ਕੀਤਾ ਹੈ।

ਅਮਰੀਕਾ 'ਚ ਟਿੱਕਟਾਕ 'ਤੇ ਪਾਬੰਦੀ ਲਈ ਬਿੱਲ ਪਾਸ

ਵਾਸ਼ਿੰਗਟਨ, 25 ਅਪ੍ਰੈਲ (ਪ੍ਰਤੀਨਿਧੀ) : ਅਮਰੀਕੀ ਸੰਸਦ ਦੇ ਉਪਰਲੇ ਸਦਨ ਸੈਨੇਟ ਨੇ ਇੱਕ ਬਿੱਲ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਤਹਿਤ ਰਾਸ਼ਟਰੀ ਸੁਰੱਖਿਆ ਚਿੰਤਾਵਾਂ ਕਾਰਨ ਅਮਰੀਕਾ 'ਚ ਟਿੱਕਟਾਕ 'ਤੇ ਪਾਬੰਦੀ ਲਗਾਈ ਜਾ ਸਕਦੀ ਹੈ। ਇਹ ਬਿੱਲ ਜਲਦੀ ਹੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੂੰ ਭੇਜਿਆ ਜਾਵੇਗਾ ਜਿਨ੍ਹਾਂ ਨੇ ਆਪਣੇ ਡੈੱਸਕ 'ਤੇ ਪਹੁੰਚਦੇ ਹੀ ਇਸ 'ਤੇ ਦਸਤਖ਼ਤ ਕਰਨ ਦਾ ਵਾਅਦਾ ਕੀਤਾ ਹੈ।

ਇਸ ਬਿੱਲ ਤਹਿਤ ਟਿੱਕਟਾਕ ਦੇ ਚੀਨੀ ਮਾਲਕ ByteDance ਨੂੰ ਆਪਣੀ ਹਿੱਸੇਦਾਰੀ ਵੇਚਣ ਲਈ ਨੌਂ ਮਹੀਨਿਆਂ ਦਾ ਸਮਾਂ ਦਿੱਤਾ ਗਿਆ ਹੈ, ਨਹੀਂ ਤਾਂ ਐਪ ਨੂੰ ਅਮਰੀਕਾ 'ਚ ਬਲੌਕ ਕਰ ਦਿੱਤਾ ਜਾਵੇਗਾ। ਪ੍ਰਤੀਨਿਧ ਸਦਨ ਤੋਂ ਮਨਜ਼ੂਰੀ ਮਿਲਣ ਤੋਂ ਬਾਅਦ ਇਹ ਬਿੱਲ ਸੈਨੇਟ ਕੋਲ ਪਹੁੰਚ ਗਿਆ ਹੈ। ਅਮਰੀਕਾ ਨੂੰ ਚਿੰਤਾ ਹੈ ਕਿ ਟਿੱਕਟਾਕ, ਜਿਸ ਦੇ ਦੇਸ਼ ਭਰ 'ਚ 170 ਮਿਲੀਅਨ ਤੋਂ ਵੱਧ ਉਪਭੋਗਤਾ ਹਨ, ਦੀ ਵਰਤੋਂ ਅਮਰੀਕੀ ਨਾਗਰਿਕਾਂ ਦੀ ਜਾਸੂਸੀ ਕਰਨ